# ਕਿਰਨਾਂ

## ਮਿੰਨੀ ਕਹਾਣੀ ਸੰਗ੍ਰਹਿ

ਮਿੰਨੀ ਕਹਾਣੀ ਸੰਗ੍ਰਹਿ

## ਮੁੱਖ ਸੰਪਾਦਕ

ਜਸਵਿੰਦਰ 'ਦੂਹੜਾ'

(ਐਮ.ਏ.ਪੰਜਾਬੀ)

ਪਿੰਡ + ਡਾਕ- ਦੂਹੜੇ
ਜ਼ਿਲਾਂ - ਜਲੰਧਰ -144302

ਪੰਜਾਬ।

## ਸਹਿ ਸੰਪਾਦਕ

ਗੁਰਦੀਪ ਸਿੰਘ 'ਦੀਪ'

ਪਿੰਡ + ਡਾਕ- ਦੂਹੜੇ
ਜ਼ਿਲਾਂ ਜਲੰਧਰ -144302

ਸੁਖਵੀਰ 'ਦੋਲੀਕੇ'

ਪਿੰਡ + ਡਾਕ- ਦੋਲੀਕੇ
ਜ਼ਿਲਾਂ ਜਲੰਧਰ -144302

©ਜਸਵਿੰਦਰ 'ਦੂਹੜਾ'

ਪਹਿਲੀ ਵਾਰ-2000

## ਪ੍ਰਕਾਸ਼ਨ

ਵੇਦਨਾ ਪ੍ਰਕਾਸ਼ਨ®

ਫੋਨ - 98723-36944

ਸ਼ਬਦ ਜੜਤ ਅਤੇ ਮੁੱਖ ਪੰਨਾ

ਦੂਹੜਾ ਕੰਪਿਊਟਰ
98723-36944

**CHIEF EDITOR**

JASWINDER "DUHRA"
(M.A.PUNJABI)
V.&P.O.Duhre
Distt.jalandha-144302
Punjab|

**SUD. EDITOR**

GURDEEP SINGH "DEEP"
V.&P.O.Duhre
distt.jalandha-144302

**SUD. EDITOR**

SUKHVEER "DOLIKE"
V.&P.O.duhre
distt.jalandha-144302

© JASWINDER DUHRA

PUBLISHED

VEDNA PUBLISHED ®

PH. NO.98723-36944

FIRST TIME-2000

TYPE SETTING&TITAL

DUHRA COMPUTERS

BY RAJNI HEER

# ਤਰਤੀਬ ਤਰਤੀਬ ਤਰਤੀਬ ਤਰਤੀਬ ਤਰਤੀਬ


| | | |
|---|---|---|
| 1 | ਦੋ ਸ਼ਬਦ | 6 |
| 2 | ਕੁਝ ਸੰਪਾਦਕਾਂ ਬਾਰੇ | 11 |
| 3 | ਗਹਿਰ-ਗਭੀਰ ਲੇਖਕ - ਜਸਵਿੰਦਰ ਦੂਹੜਾ | 11 |
| 4 | ਇੱਕ ਵੱਲਖਣ ਸਖਸ਼ਿਆਤ ਦਾ ਮਾਲਕ<br>- ਜਸਵੀਰ ਦੌਲੀਕੇ | 13 |
| 5 | ਬਹੁ-ਗੁਣਾ ਦੀ ਗੁਥੱਲੀ - ਗਰਦੀਪ ਸਿੰਘ 'ਦੀਪ' | 15 |
| 6 | ਸੁਖਵੀਰ ਦੌਲੀਕੇ<br>ਇੱਕ ਸੱਚ, ਗਰੀਟਿੰਗ ਕਾਰਡ | 17 |
| 7 | ਸੋਢੀ ਸਹਿਜਲ<br>ਹੱਕ, ਇਨਸਾਨ | 19 |
| 8 | ਜਸਵਿੰਦਰ ਦੂਹੜਾ<br>ਚਿੱੜੀਆਂ ਬੋਲ ਪਈਆਂ, ਇੱਜ਼ਤ, ਜ਼ਖ਼ਮ | 21 |
| 9 | ਸੁਰਜੀਤ ਕੌਰ ਪਵਾਰ<br>ਔਲਾਦ ਵਾਲੇ, ਵਸੀਅਤ | 23 |
| 10 | ਪਰਮਜੀਤ ਰਾਮਗੜ੍ਹੀਆ<br>ਕੇਹਾ ਸਮਾਜ, ਮਜ਼ਬੂਰੀ | 25 |
| 11 | ਗੁਰਬਖਸ਼ ਪਨਾਮ<br>ਪੱਥਰ ਬੂੰਦ ਪਈ, ਵਿਸ਼ਵਾਸ਼ | 26 |
| 12 | ਸੁਖਵਿੰਦਰ ਦੂਹੜਾ<br>ਇਨਸਾਫ਼, ਦੇਖਦੇ ਦੇਖਦੇ | 28 |
| 13 | ਵਿਵੇਕ<br>ਏਕ ਨੂਰ ਤੋਂ, ਡਰ, ਭਵਿੱਖ | 30 |
| 14 | ਗੁਰਦੀਪ ਸਿੰਘ 'ਦੀਪ'<br>ਪਰਖ਼, ਪ੍ਰਸ਼ਨ ਚਿੰਨ | 32 |
| 15 | ਬਲਰਾਜ ਕੁਹਾੜਾ<br>ਹਾਅਕ, ਖ਼ੂਨ ਦਾ ਰਿਸ਼ਤਾ | 34 |
| 16 | ਕਮਲਜੀਤ ਕੌਰ<br>ਅਹਿਸਾਸ, ਕੀਮਤ | 36 |
| 17 | ਜਸਵੀਰ ਦੌਲੀਕੇ<br>ਗ਼ਰੀਬੀ ਦਾ ਮਜ਼ਾਕ, ਫ਼ਰਕ | 37 |
| 18 | ਡਾ. ਰਾਜਵਿੰਦਰ ਰੌਂਤਾ<br>ਭੂਰ-ਚੂਰ, ਸੱਟ | 39 |
| 19 | ਸਰਬਜੀਤ ਸਿੰਘ ਦਰਦੀ<br>ਔਰਤ, ਫ਼ਰਕ | 41 |
| 20 | ਮਾਸਟਰ ਬਲਵੀਰ ਚੰਦ<br>ਲੋਕ ਸੇਵਾ, ਕਹਿਣੀ ਕਰਨੀ | 42 |
| 21 | ਅਸ਼ੋਕ ਸਰਾਹਣੂ<br>ਹਕੀਕਤ, ਔੜ | 44 |
| 22 | ਦੇਵ ਵਿਦਿਆਰਥੀ<br>ਕੂਕ ਦੀ ਮੌਤ, ਸੋਚ | 46 |
| 23 | ਸੁਭਾਸ਼ ਚੰਦਰ ਪੀ. ਆਰ. ਟੀ. ਸੀ<br>ਜਦ ਆਪਣੇ ਹੋਣ ਪਰਾਏ, ਗ਼ਰੀਬੀ | 48 |
| 24 | ਡਿੰਪਲ ਕੁਮਾਰ ਕਾਸਿਦ<br>ਕਰੇ ਕੋਈ ਭਰੇ ਕੋਈ, ਮਿਲਾਵਟ | 49 |
| 25 | ਸੁਖਪਾਲ ਸ਼ਰਮਾ<br>ਕੁਰਬਾਨੀ, ਕੀਮਤ | 50 |
| 26 | ਇੰਦਰਜੀਤ ਨੰਦਨ<br>ਕਮਾਈ, ਰਿਟਾਇਰਮੈਂਟ | 51 |
| 27 | ਸੰਤੋਖ ਮੱਲ੍ਹੀ<br>ਧੀਆਂ ਵਾਲੇ, ਕਾਸ਼ | 53 |
| 28 | ਪਰਮਜੀਤ ਪੰਮਾ ਪੇਂਟਰ<br>ਇੱਜ਼ਤ, ਹਮਦਰਦੀ | 55 |
| 29 | ਕੁਲਦੀਪ ਆਨੰਦ<br>ਦੋਸਤੀ, ਛਿਲਤਰ | 57 |

| | | |
|---|---|---|
| 30 | ਬਲਵੀਰ ਕੌਰ ਰੀਹਲ<br>ਮਰਦ | 58 |
| 31 | ਸੁਧੀਰ ਕੁਮਾਰ ਸੁਧੀਰ<br>ਪਿੰਜਰੇ | 59 |
| 32 | ਸੰਦੀਪ ਸਿੰਘ ਧੰਜੂ<br>ਆਂਦਰਾਂ ਦੀ ਖਿੱਚ | 60 |
| 33 | ਕੁਲਦੀਪ ਸਿੰਘ ਅਰਸ਼ੀ<br>ਹਾਲਾਤ ਹੀ ਐਸੇ ਹਨ | 61 |
| 34 | ਸੁਰਿੰਦਰ ਕੈਲੇ<br>ਸੁੱਖ ਦੇ ਦਿੰਨ | 62 |
| 35 | ਪ੍ਰੀਤਮ ਪਰਵਾਜ਼<br>ਅਲਵਿੱਦਾ | 63 |
| 36 | ਮੋਹਣ ਸਿੰਘ ਮਲਹਾਸ<br>ਆਪੋ-ਆਪਣੀ ਸੋਚ | 64 |
| 37 | ਸਤੀਸ਼ ਦਰਦੀ<br>ਸਲਾਹ | 65 |
| 38 | ਜਗਦੀਸ਼ ਰਾਣਾ<br>ਜਾਗ੍ਰਤੀ | 66 |
| 39 | ਨਿੰਦਰ ਘੁਗਿਆਣਵੀ<br>ਬੋਹਣੀ | 67 |
| 40 | ਨੂਰ ਸੰਤੋਖਪੁਰੀ<br>ਕਾਰਫ਼ਿਊ ਦਾ ਕਹਿਰ | 68 |
| 41 | ਮਲਕੀਤ ਮੰਢਾਲੀ<br>ਬੇਤਾਜ | 69 |
| 42 | ਰਮਨਪ੍ਰੀਤ ਕੌਰ<br>ਦਿਲਾਸਾ | 70 |
| 43 | ਗੁਰਿੰਦਰ ਬਾਦਸ਼ਾਹਪੁਰੀ<br>ਰੂਪ | 71 |
| 44 | ਜੀਤ ਖਮਾਣੋਂ ਵਾਲਾ<br>ਪੀੜ੍ਹੀ ਦਰ ਪੀੜ੍ਹੀ | 72 |
| 45 | ਜਸਪਾਲ ਸ਼ਰਮਾ (ਸੰਦੋਹਾ)<br>ਦਾਨ | 73 |
| 46 | ਸਤਪਾਲ ਸਾਹਲੋਂ<br>ਮੂੰਹ ਮਲਾਹਜਾ | 74 |
| 47 | ਗੀਤਾ ਰਾਣੀ<br>ਜੋੜੀ | 75 |
| 48 | ਜਸਵੀਰ ਸਿੰਘ ਰਾਣਾ<br>ਟੇਵਾ | 76 |
| 49 | ਰਕੇਸ਼ ਸੈਣੀ<br>ਮੰਗਤੇ | 77 |
| 50 | ਜਤਿੰਦਰ ਸਿੰਘ ਹੰਸ<br>ਸੇਵਾ | 78 |
| 51 | ਹਰਪ੍ਰੀਤ ਸਿੰਘ ਰਾਣਾ<br>ਨੇਤਾ | 79 |
| 52 | ਗੁਰਮੇਲ ਸਿੰਘ ਵਿਰਕ<br>ਕਸਾਈ | 80 |
| 53 | ਹਰਜਿੰਦਰ ਸਿੰਘ ਸੰਘਾ<br>ਸੋਨੇ ਦੀ ਮੁਰਗੀ | 81 |
| 54 | ਹਰਜਿੰਦਰ ਕਮਾਮ<br>ਖਿੜਨ ਤੋਂ ਪਹਿਲਾਂ | 82 |
| 55 | ਇੰਦਰਜੀਤ ਵਿਰਦੀ<br>ਮੌਤ | 82 |
| 56 | ਸਤਿੰਦਰਪਾਲ ਸਿੰਘ<br>ਲੁਟੇਰੇ | 83 |
| 57 | ਪਰਦੀਪ ਕੁਮਾਰ ਮਹਿਤਾ<br>ਫੱਲ | 83 |
| 58 | ਰਜਨੀ ਹੀਰ ਨਿਰੰਕਾਰੀ<br>ਦਾਜ ਦੀ ਬਲੀ | 84 |

# ਦੋ ਸ਼ਬਦ

ਕਹਾਣੀ ਸੰਗ੍ਰਹਿ ਦਾ ਸਾਰਾ ਕੰਮ ਆਖ਼ਰੀ ਪੜਾ ਤੇ ਹੈ। ਹੁਣ ਬਾਰੀ 'ਮੁੱਖ ਬੰਦ' ਜਾਂ 'ਦੋ ਸ਼ਬਦ' ਦੀ ਹੈ। ਸੋਚ ਰਿਹਾਂ ਹਾਂ ਕਿ ਮੁੱਖ ਬੰਦ ਵਿੱਚ ਕੀ ਲਿਖਾਂ...... ਕੁਝ ਕਹਾਣੀਆ ਬਾਰੇ ਕਹਾਂ ਜਾਂ ਫਿਰ ਉਹ ਸਭ ਕੁਝ ਲਿਖਾਂ ਜੋ ਮੇਰੇ ਨਾਲ ਇਸ ਸੰਗ੍ਰਿਹ ਦੇ ਹੋਂਦ 'ਚ ਆਉਣ ਤੱਕ ਵਾਪਰਿਆ...........। ਸ਼ਾਇਦ ਅਜਿਹਾ ਸੰਭਵ ਨਹੀ ਕਿਉ ਕਿ ਜੇ ਕਹਾਣੀਆ ਬਾਰੇ ਮੈਂ ਲਿਖ ਦੇਵਾ ਤਾਂ ਸਮੀਖਿਆ ਕਰਨ ਵਾਲੇ ਨੇ ਹੀ ਉਹੀ ਚੁੱਕ ਕੇ ਪ੍ਰਕਾਸ਼ਤ ਕਰਵਾ ਦੇਣਾ......ਫਿਰ ਕੀ ਲਿਖਿਆ ਜਾਵੇ.....ਚਲੋ ਥੋੜੀ ਥੋੜੀ ਗੱਲ ਦੋਹਾਂ ਵਿਸ਼ਿਆਂ ਉੱਤੇ ਕਰ ਲੈਦੇ ਹਾਂ। "ਸੰਗ੍ਰਹਿ ਸੰਪਾਦਤ ਕਰਨ ਦਾ ਮੇਰੇ ਸਿਰ 'ਤੇ ਭੂਤ ਕਿਵੇਂ ਚੜਿਆ ?" ਗੱਲ ਉੱਥੋ ਸ਼ੁਰੂ ਕਰਦਾ ਹਾਂ.... ਮੈਂ ਜਦੋ ਵੀ ਕਿਸੇ ਸਭਾ ਜਾਂ ਸ਼ਥਾਪਿਤ ਲੇਖਕ ਨੂੰ ਮਿਲਣ ਗਿਆ ਤਾਂ ਮਿੰਨੀ ਕਹਾਣੀ ਬਾਰੇ ਜਰੂਰ ਗੱਲ ਚੱਲੀ ਲੱਗਭਗ ਸਾਰੇ ਹੀ ਇਸ ਨੂੰ ਚੁਟਕਲਾ ਕਹਿ ਕੇ ਗੱਲ ਮੁਕਾ ਦਿੰਦੇ...... ਪਤਾ ਨਹੀਂ ਕਿਉਂ ਮੈਂਨੂੰ ਇਹ ਗੱਲ ਚੰਗੀ ਨਾ ਲੱਗਦੀ। ਸ਼ਇਦ ਮੇਰੇ ਅੰਦਰ ਇਸ ਲਈ ਅਥਾਹ ਪਿਆਰ ਸੀ। ਭਾਵੇਂ ਮੈਂ ਤੀਹ ਚਾਲੀ ਮਿੰਨੀ ਕਹਾਣੀਆ ਹੀ ਲਿਖੀਆਂ ਸਨ 'ਤੇ ਇਸ ਵੱਲ ਮੇਰਾ ਬਹੁਤ ਰੁਝਾਨ ਵੀ ਨਹੀਂ ਸੀ। ਫਿਰ ਵੀ ਮੈਂ ਇਕ ਮਿੰਨੀ ਕਹਾਣੀ ਸੰਗ੍ਰਹਿ ਸੰਪਾਦਤ ਕਰਾਗਾਂ......ਇਸ ਤਰਾਂ ਸਿਲਾਸਿਲਾ ਸ਼ੁਰੂ ਹੋ ਗਿਆ। ਚਿੱਠੀਆਂ ਲਿਖੀਆ ਗਈਆਂ, ਲੇਖਕਾਂ ਨੂੰ, ਅਖਬਾਰਾਂ, ਰਸਾਲਿਆਂ, 'ਚ ਇਸ਼ਤਿਹਾਰ ਵੀ ਦੇ ਦਿੱਤਾ। ਜਵਾਬ ਵਿੱਚ ਕਹਾਣੀਆ ਪਹੁੰਚੀਆਂ। ਛਾਂਟੀ ਦਾ ਕੰਮ ਸ਼ੁਰੂ ਹੋਇਆ ਪਰ ਕਹਾਣੀਆ ਦੀ ਥਾਂ ਚੁਟਕਲੇ ਨਿਕਲੇ ਜ਼ਿਆਦਾਤਰ....। ਫਿਰ ਵੀ ਪੰਜਾਹ ਕੁ ਲੇਖਕਾਂ ਦੀਆਂ ਨਰੋਈਆਂ ਕਹਾਣੀਆਂ ਮਿਲ ਹੀ ਗਈਆਂ ਜੋ ਮੇਰੀ ਸੋਚ ਮੁਤਾਬਕ ਮਿੰਨੀ ਕਹਾਣੀਆ ਦਾ ਦਰਜਾ ਰੱਖਦੀਆਂ ਸਨ। ਛੱਪਣ ਲਈ ਸਾਰਾ ਮੈਟਰ ਤਿਆਰ ਸੀ ਪਰ ਸੰਗ੍ਰਹਿ ਦੇ ਖ਼ਰਚ ਦਾ ਸਾਰਾ ਭਾਰ ਝੱਲਣ ਲਈ ਮੇਰੇ ਮੋਢੇ ਤਿਆਰ ਨਹੀਂ ਸਨ..... ਸੋ ਆਪਣੇ ਸਾਥੀਆਂ 'ਤੇ ਹੋਰ ਸੂਝਵਾਨਾਂ ਦੀ ਸਲਾਹ 'ਤੇ ਕੁਝ ਆਰਥਿਕ ਸਹਿਯੋਗ ਲੇਖਕਾਂ ਪਾਸੋ ਮੰਗਿਆ ਗਿਆ......। ਇਕ ਵਾਰੀ ਫਿਰ ਚਿੱਠੀਆਂ ਦਾ ਸਿਲਸਿਲਾ ਸ਼ੁਰੂ ਹੋਇਆ।

ਮੈ ਧੰਨਵਾਦੀ ਹਾਂ।ਮੁਹੱਤਰਮਾਂ ' ਸੁਰਜੀਤ ਕੌਰ 'ਪਵਾਰ' ਜੀ ( ਜੈਤੇਵਾਲੀ-ਜਲੰਧਰ) ਦਾ ਜਿਨ੍ਹਾਂ ਮੈਨੂੰ ਸਭ ਤੋਂ ਪਹਿਲਾਂ ਆਰਥਿਕ ਸਹਿਯੋਗ ਭੇਜਿਆ ਤੇ ਇਸੇ ਤਰ੍ਹਾਂ ਬਾਕੀ ਹੋਰ ਸਾਥੀਆਂ ਦਾ ਵੀ ਧੰਨਵਾਦੀ ਹਾਂ ਉਹਨਾਂ ਸਾਥੀਆਂ ਦਾ ਵੀ ਜਿਨ੍ਹਾਂ ਸਹਿਯੋਗ ਭੇਜਣ ਦੀ ਥਾਂ ਮੈਨੂੰ ਰੰਗ- ਬਰੰਗੀਆਂ ਚਿੱਠੀਆ ਲਿਖੀਆਂ.....। ਜਿਨ੍ਹਾਂ ਇੱਕ ਦੋ ਦਾ ਜ਼ਿਕਰ ਕਰ ਰਿਹਾਂ ਹਾਂ। ਇੱਕ ਮੁਹਤਰਮਾਂ ਮੇਰੀ ਚਿੱਠੀ ਦੇ ਜਵਾਬ 'ਚ ਲਿਖਦੀ ਹੈ, "ਦੂਹੜਾ ਸਾਹਿਬ, ਕਿਤਾਬ ਪ੍ਰਕਾਸ਼ਤ ਕਰਵਾਉਣਾ ਬਹੁਤ ਮੁਸ਼ਕਿਲ ਕੰਮ ਹੈ, ਇਸ ਲਈ ਬਹੁਤ ਰੁਪਏ ਦੀ ਜਰੂਰਤ ਹੈ। ਮੈਂ ਤਹਾਨੂੰ ਸਹਿਯੋਗੀ ਰਾਸ਼ੀ ਨਹੀਂ ਭੇਜ ਸਕਦੀ। ਤੁਸੀਂ ਵੀ ਕਿਤਾਬ ਸੰਪਾਦਤ ਕਰਨ ਦਾ ਖ਼ਿਆਲ ਛੱਡ ਦਿਓ। ਕਿਉ ਕਿ ਮੈਂ ਜਾਣਦੀ ਹਾਂ ਇਹ ਕੰਮ ਤੁਹਾਡੇ ਬੱਸ ਦਾ ਨਹੀਂ......?" ਚਿੱਠੀ ਪੜ੍ਹਦੇ ਦਿਲ ਨੂੰ ਢਾਹ ਜਿਹੀ ਲੱਗੀ....। ਇਹੀ ਮੁਹਤਰਮਾਂ ਨੇ ਪਹਿਲੀਆ ਚਿੱਠੀਆਂ ਵਿੱਚ ਆਪਣੇ ਆਪਨੂੰ ਬਹੁਤ ਖੁੱਲ-ਦਿਲ 'ਤੇ ਖਾਂਦੇ ਪੀਦੇ ਘਰ ਦੀ ਦੱਸਿਆ ਸੀ.....। ਇੱਥੇ ਹੀ ਬੱਸ ਨਹੀਂ ਇਸ ਤਰ੍ਹਾਂ ਦੀਆਂ ਹੋਰ ਬਹੁਤ ਸਾਰੀਆਂ ਚਿੱਠੀਆਂ ਆਈਆਂ। ਕਈ ਦੋਸਤਾਂ ਨੇ ਤਾਂ ਸਹਿਯੋਗ ਮੰਗਣ 'ਤੇ ਮੁੜ ਮੇਰੀ ਚਿੱਠੀ ਦਾ ਜਵਾਬ ਦੇਣਾ ਵੀ ਮੁਨਾਸਿਫ਼ ਨਹੀਂ ਸਮਝਿਆ।

ਇਸੇ ਤਰ੍ਹਾਂ ਦੀ ਇੱਕ ਹੋਰ ਮੈਨੂੰ ਚਿੱਠੀ ਮਿਲੀ....ਚਿੱਠੀ ਇੱਕ ਸਥਾਪਿਤ ਲੇਖਕ ਦੀ ਸੀ ਜੋ ਖੁਦ ਸੰਪਾਦਕ ਵਜੋਂ ਜਾਣੇ ਜਾਂਦੇ ਹਨ 'ਤੇ ਖੁਦ ਜਾਣਦੇ ਹਨ ਕਿ ਕਿਸ ਤਰ੍ਹਾਂ ਕਿਤਾਬ ਪ੍ਰਕਾਸ਼ਤ ਹੁੰਦੀ ਹੈ। ਜਨਾਬ ਲਿਖਦੇ ਹਨ, "ਪਹਿਲਾਂ ਤਾਂ ਤੁਸੀ ਮੇਰੇ ਤੋਂ ਚਿੱਠੀ ਲਿਖਕੇ ਕਹਾਣੀਆਂ ਮੰਗਵਾਈਆਂ ਜਦ ਮੈਂ ਕਹਾਣੀਆ ਭੇਜ ਦਿੱਤੀਆ ਤਾਂ ਤੁਸੀ ਪੈਸਿਆਂ ਲਈ ਚਿੱਠੀ ਲਿਖੀ। ਇਸੇ ਲਈ ਪੰਜਾਬੀ 'ਤੇ ਹਿੰਦੀ ਲੇਖਕਾਂ ਵਿੱਚ ਫ਼ਰਕ ਹੈ, ਉਹ ਸਾਡੇ 'ਤੇ ਵਿਸ਼ਵਾਸ ਇਸੇ ਲਈ ਨਹੀਂ ਕਰਦੇ........ਇਸ ਤੋਂ ਚੰਗਾ ਹੁੰਦਾ ਤੁਸੀਂ ਕਿਤਾਬ ਲੇਖਕਾਂ ਨੂੰ ਮੁੱਲ ਵੇਚਦੇ। ਤੁਸੀਂ ਪੰਜਾਬੀ ਲੇਖਕਾਂ ਨਾਲ ਬੇਈਮਾਨੀ ਕੀਤੀ ਹੈ। ਤੁਸੀ ਪੰਜਾਬੀ ਮਾਂ ਬੋਲੀ ਦੀ ਸੇਵਾ ਨਹੀਂ ਕਰ ਰਹੇ ਬਲਕਿ....।

ਮੈਨੂੰ ਉਹਨਾਂ ਦੀ ਚਿੱਠੀ ਦੀ ਕੁਝ ਸਮਝ ਨਾ ਲੱਗੀ ਸ਼ਾਇਦ ਉਹਨਾਂ ਨੂੰ ਕਹਾਣੀਆਂ 'ਤੇ ਸਹਿਯੋਗ ਲਈ ਚਿੱਠੀ ਲਿਖਕੇ ਮੈਂ ਗੁਨਾਹ ਕੀਤਾ ਸੀ। ਮੈਂ ਉਦੋਂ ਤਾਂ ਉਹਨਾਂ ਨੂੰ ਕੋਈ ਜਵਾਬ ਨਾ ਦੇ ਸਕਿਆ ਪਰ ਅੱਜ ਉਹਨਾਂ ਤੋਂ ਪੁਛਦਾ ਹਾਂ ਕਿ ਸਾਡੇ ਪੰਜਾਬੀ ਲੇਖਕਾਂ ਨੂੰ ਮੁੱਲ ਲੈਕੇ ਸਾਹਿੱਤ ਪੜ੍ਹਨ ਦੀ ਆਦਤ ਹੈ ? ਹਿੰਦੀ ਲੇਖਕ ਦੀ ਰਚਨਾ ਛੱਪਣ 'ਤੇ ਉਸਨੂੰ ਸੇਵਾ ਫੱਲ ਦਿੱਤਾ ਜਾਂਦਾ ਹੈ ਕੀ ਤੁਸੀ ਪੰਜਾਬੀ ਲੇਕਕ ਦੀ ਰਚਨਾ ਛਾਪਕੇ

ਉਸਨੂੰ ਕਦੇ ਰਸਾਲਾ ਵੀ ਭੇਜਿਆ ? ਸ਼ਇਦ ਤੁਹਾਡੇ ਕੋਲ ਜਵਾਬ ਨਹੀਂ ਹੋਵੇਗਾ......। ਜਦੋਂ ਤੁਸੀ ਸਹਿਯੋਗ ਮੰਗਦੇ ਹੋ, ਕੀ ਤੁਹਾਨੂੰ ਨਹੀਂ ਮਿਲਦਾ ? ਕੀ ਤੁਸੀਂ ਮੇਰੇ ਤੋਂ ਕਿਤਾਬ ਮੁੱਲ ਖ਼ੀਦ ਦੇ ? ਆਦਿ....। ਸਥਾਪਿਤ ਲੇਖਕ ਚਾਹੁੰਦੇ ਹਨ ਨਵੇਂ ਲੇਖਕ ਸਾਨੂੰ ਸਹਿਯੋਗ ਭੇਜਣ...... ਪਰ ਆਪਣੀ ਵਾਰੀ.... ਕਈ ਬਹਾਨੇ ਬਣਾਉਣਗੇ। ਮੇਰਾ ਹੌਂਸਲਾ ਢਹਿ-ਢੇਰੀ ਹੋ ਗਿਆ ਜਿਹੜੇ ਸਾਥੀਆਂ ਨੇ ਆਪਣੇ ਮੋਢਿਆਂ 'ਤੇ ਹੱਥ ਰਖਾਕੇ ਮੈਨੂੰ ਖੜ੍ਹਾ ਕੀਤਾ ਸੀ ਉਹਨਾਂ ਮੇਰੇ ਹੱਥ ਆਪਣੇ ਮੋਢਿਆਂ 'ਤੋਂ ਹਟਾ ਦਿੱਤੇ। ਮੇਰੀ ਅਜੀਬ ਸੋਚ ਬਣ ਗਈ। ਇਕ ਵਾਰੀ ਤਾਂ ਸੋਚਿਆ, "ਘਰ ਖਾਣ ਨੂੰ ਦਾਣੇ ਹਨ, ਪਹਿਨਣ ਲਈ ਕੱਪੜੇ 'ਤੇ ਖ਼ਰਚ ਲਈ ਗੁਜ਼ਾਰੇ ਜੋਗੇ ਪੈਸੇ ਵੀ ਹਨ। ਫਿਰ ਮੈਨੂੰ ਕੀ ਪਿਆ....ਐਵੇਂ ਸਿਰ ਦਰਦੀ ਲਵਾਂ। ਮੈਨੂੰ ਕੀ ਮਿਲਣਾ ਸੰਪਾਦਕ ਬਣਕੇ...ਖਸਮਾਂ ਨੂੰ ਖਾਣ ਕਹਾਣੀਆਂ।" ਜੋ ਸਹਿਯੋਗ ਵੀਹ ਕੁ ਲੇਖਕਾਂ ਦਾ ਆਇਆ ਉਹ ਵੀ ਵਾਪਸ ਕਰ ਦਿਆਂਗਾ, ਤੇ ਕਹਾਣੀਆ ਵੀ.....।
ਕਹਾਣੀਆ 'ਤੇ ਸਹਿਯੋਗੀ ਰਾਸ਼ੀ ਵਾਪਸ ਭੇਜਣ ਦਾ ਮੈਂ ਫੈਸਲਾ ਤਾਂ ਕਰ ਲਿਆ ਪਰ ਇਸ ਫੈਸਲੇ ਨਾਲ ਮੇਰਾ ਅੰਦਰ ਅਜੇ ਸਹਿਮਤ ਨਹੀ ਸੀ, ਸ਼ਾਇਦ ਅੰਦਰ ਇੱਕ ਅੱਗ ਸੀ, ਜੋ ਠੰਡੀ ਨਹੀਂ ਹੋ ਰਹੀ ਸੀ। ਇਕ ਵਾਰੀ ਫੈਸਲਾ ਬਦਲਿਆ, ਮੈਂ ਸੋਚ ਲਿਆ ਜੇ ਉਖਲੀ 'ਚ ਸਿਰ ਦਿੱਤਾ ਤੇ ਫਿਰ....ਫਿਰ ਹੌਂਸਲਾ ਕਰ ਲਿਆ ਕਹਾਣੀਆਂ ਕੰਪਿਊਟਰ ਲਈ ਭੇਜੀਆ ਗਈਆਂ....ਪਰੂਫ ਪੜ੍ਹਿਆ ਗਿਆ' ਤੇ ਪ੍ਰੈਸ ਲਈ ਭੇਜ ਦਿੱਤਾ।

ਹੁਣ ਇਕ ਹੋਰ ਸਮੱਸਿਆ ਖੜ੍ਹੀ ਹੋ ਗਈ ਉਹ ਸੀ 'ਸੰਗ੍ਰਹਿ' ਦੇ ਨਾਂ ਦੀ। ਨਾਂ ਕੀ ਹੋਵੇਗਾ ? ਕਾਫ਼ੀ ਦਿਨ ਇੰਝ ਸੋਚ-ਵਿਚਾਰ ਵਿੱਚ ਲੰਘ ਗਏ। ਅਖ਼ੀਰ ਇੱਕ ਦਿਨ ' ਕੱਲਾ ਬੈਠਾ ਧੁੱਪ ਸੇਕ ਰਿਹਾ ਸੀ 'ਤੇ ਦਿਮਾਗ਼ ਵਿੱਚ ਆਇਆ' ਸੂਰਜ ਦੀ ਇੱਕ-ਇੱਕ ਕਿਰਨ ਮਿਲਕੇ, ਕਿੰਨਾਂ ਚਾਨਣ ਪੈਦਾ ਕਰ ਦਿੰਦੀਆਂ ਹਨ..... ਇਕ ਦਮ ਮੇਰੇ ਦਿਮਾਗ਼ ਵਿੱਚ 'ਕਿਰਨਾਂ' ਨਾਂ ਆਇਆਂ। ਹਾਂ ਮੇਰੇ ਇਸ ਸੰਪਾਦਤ ਸੰਗ੍ਰਹਿ ਦਾ ਨਾਂ 'ਕਿਰਨਾਂ' ਹੀ ਹੋਵੇਗਾ। ਹਾਂ ਕਿਰਨਾਂ ਇਹ ਕਹਾਣੀਆਂ ਵੀ ਤਾਂ ਕਿਰਨਾਂ ਹੀ ਹਨ, ਇੱਕ-ਇਕ ਕਹਾਣੀ ਇੱਕ-ਇਕ ਕਿਰਨ ਦੀ ਤਰ੍ਹਾਂ 'ਤੇ ਇੱਕਠੀਆਂ ਮਿਲਕੇ ਇੱਕ ਸੂਰਜ ਦੀ ਲੋ ਵਰਗੀਆਂ। ਜਿੱਥੇ ਵੀ ਇਹਨਾਂ ਦੀ ਰੋਸ਼ਨੀ ਜਾਵੇਗੀ ਉੱਥੇ ਭਟਕਿਆਂ ਨੂੰ ਰਾਹ ਦਿਖਾਉਣਗੀਆਂ। ਇਹ ਤਾਂ ਸੀ 'ਕਿਰਨਾਂ' ਦੇ ਜਨਮ ਸੰਬੰਧੀ। ਪਰ ਜੇ ਇੱਥੇ ਬੱਸ ਕਰਦਿਆਂ ਤਾਂ ਠੀਕ ਨਹੀ ਹੋਵੇਗਾ। ਇਸ ਲਈ ਕੁਝ ਗੱਲਾਂ ਤੁਹਾਡੇ ਨਾਲ ਮਿੰਨੀ ਕਹਾਣੀ ਬਾਰੇ ਸਾਂਝੀਆਂ ਕਰਦਾ ਹਾਂ। ਅਸੀ ਮਿੰਨੀ ਕਹਾਣੀ ਨੂੰ ਚੁੱਟਕਲਾ-ਚੁੱਟਕਲਾ ਤਾਂ ਆਖੀ ਜਾਂਦੇ ਹਾਂ ਪਰ ਅਸੀਂ ਇਹ

ਵਿਚਾਰ ਨਹੀ ਕਰਦੇ ਕਿ ਮਿੰਨੀ ਕਹਾਣੀ ਹੈ ਕੀ ? ਮੇਰੇ ਖ਼ਿਆਲ ਨਾਲ, " ਮਿੰਨੀ ਕਹਾਣੀ ਗਿਣਵੀਆਂ ਚੁਣਵੀਆਂ ਸੱਤਰਾਂ ਵਿੱਚ ਜ਼ਿੰਦਗੀ ਦੀ ਕਿਸੇ ਮੂਲ ਸਚਾਈ ਨੂੰ ਰੌਚਕ ਢੰਗ ਨਾਲ ਸੂਤਰ-ਬੱਧ ਕਰਨ ਦਾ ਗੁਰ ਮੰਤਰ ਹੈ। " ਹੁਣ ਤੁਸੀ ਕਹੋਗੇ ਕਿ ਉਪਰੋਕਤ ਸ਼ਬਦ ਤਾਂ ਚੁਟੱਕਲੇ 'ਤੇ ਵੀ ਢੁਕਦੇ ਹਨ ਪਰ ਮਿੰਨੀ ਕਹਾਣੀ ਚੁੱਟਕਲੇ ਨਾਲੋਂ ਉੱਦੋਂ ਵੱਖਰੀ ਹੋ ਜਾਂਦੀ ਹੈ, ਜਦੋਂ ਉਸ ਵਿੱਚ ਵਿਅੰਗਕ ਸਚਾਈ ਦੇ ਨਾਲ-ਨਾਲ ਗੰਭੀਰਤਾ ਆ ਜਾਂਦੀ ਹੈ ਜਦ ਕੇ ਚੁਟਕੱਲਾ ਵਿਅੰਗ 'ਤੇ ਹਾਸ-ਰਸ ਨਾਲ ਖ਼ਤਮ ਹੋ ਜਾਂਦਾ ਹੈ ਅਤੇ ਮਿੰਨੀ ਕਹਾਣੀ ਇਕ ਸੋਚ ਨਾਲ।

ਮਿੰਨੀ ਕਹਾਣੀ ਕਿਸੇ ਸਮੱਸਿਆ ਦੀ ਵੱਡੀ ਕਹਾਣੀ ਵਾਗੂੰ ਹੱਲ ਨਹੀ ਦੱਸਦੀ, ਬਲਕਿ ਉਹ ਸਮੱਸਿਆ 'ਤੇ ਪ੍ਰਸ਼ਨ ਕਰਦੀ ਹੈ। ਵਾਰਤਕ ਵਿੱਚ ਮਿੰਨੀ ਕਹਾਣੀ 'ਪੰਜਾਬੀ ਕਹਾਣੀ ਦਾ ਮੁੱਢ ਹੈ,ਕਿਉਂਕਿ ਇਸ ਤੋਂ ਬਾਅਦ ਲੇਖਕ ਵੱਡੀ ਕਹਾਣੀ 'ਤੇ ਫਿਰ ਨਾਵਲ ਲਿਖ ਸਕਦਾ ਹੈ। ਮਿੰਨੀ ਕਹਾਣੀ ਨੂੰ ਵਿਸਥਾਰ ਦੀ ਜ਼ਰੂਰਤ ਨਹੀ ਇਹ ਕਹਾਣੀ ਦੋ ਪਾਤਰਾਂ ਦੇ ਵਾਰਤਾਲਾਪ ਰਾਹੀ ਵੀ ਸਿਰਜੀ ਜਾ ਸਕਦੀ ਹੈ। ਮਿੰਨੀ ਕਹਾਣੀ ਪੁਆਇੰਟ ਟੂ ਪੁਆਇੰਟ ਕਹੀ ਗੱਲ ਦੀ ਮੰਗ ਕਰਦੀ ਹੈ ਨਾ ਕੇ ਵਾਧੂ ਵਾਰਤਾਲਾਪ ਦੀ।

"ਮਿੰਨੀ ਕਹਾਣੀ ਦਾ ਪਾਠਕ 'ਤੇ ਅਸਰ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਜਿਸ ਤਰ੍ਹਾਂ ਇਕ ਥੱਕੇ ਪਾਂਧੀ ਦੇ ਪੈਰ ਵਿੱਚ ਚੁਬੇ ਕੰਡੇ ਦੀ ਚੁਬਨ ਜੋ ਉਸਦੇ ਪੈਰ ਵਿੱਚ ਦੇਰ ਤੱਕ ਰੜਕਦੀ ਰਹਿੰਦੀ ਹੈ।" ਇਸ ਖ਼ਿਆਲ ਨੂੰ ਮੁੱਖ ਰੱਖਦਿਆਂ ਹੀ ਮੈਂ ਹੱਥਲੇ ਸੰਗ੍ਰਹਿ 'ਚ ਕਹਾਣੀਆਂ ਸ਼ਾਮਲ ਕੀਤੀਆਂ ਹਨ। ਮੈਨੂੰ ਪੂਰੀ ਉਮੀਦ ਹੈ ਕਿ ਇਹਨਾਂ ਕਹਾਣੀਆਂ ਦੀ ਚੁਬਨ ਪਾਠਕਾਂ ਦੇ ਦਿਮਾਗ ਵਿੱਚ ਦੇਰ ਤੱਕ ਰਹੇਗੀ।

ਆਖਰ ਵਿੱਚ ਉਹਨਾਂ ਸਾਰੇ ਦੋਸਤਾਂ ਦਾ ਧੰਨਵਾਦੀ ਹਾਂ ਜੋ ਇਸ ਸੰਗ੍ਰਹਿ ਵਿੱਚ ਸ਼ਾਮਿਲ ਹਨ 'ਤੇ ਉਹਨਾਂ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਕਹਾਣੀਆਂ ਭੇਜੀਆਂ 'ਤੇ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਕਹਾਣੀਆਂ ਭੇਜੀਆਂ 'ਤੇ ਧੰਨਵਾਦੀ ਹਾਂ ਸ.ਅਮਰਜੀਤ ਸਿੰਘ 'ਸੰਧੂ' ਸਾਹਿਬ (ਦਕੋਹਾ-ਜਲੰਧਰ) ਦਾ ਜਿਹਨਾਂ ਮੇਰੀ ਇਸ ਸੰਗ੍ਰਹਿ ਛਪਾਉਣ ਵਿੱਚ ਅਗ਼ਵਾਈ ਕੀਤੀ। ਧੰਨਵਾਦੀ ਹਾਂ ਆਪਣੇ ਪਿੰਡ ਦੇ ਪੋਸਟ ਮੈਨ ਸ. ਜਰਨੈਲ ਸਿੰਘ ਜੀ ਦਾ ਜਿਹਨਾਂ ਸਾਰਾ ਮੈਟਰ, ਮਨੀਆਡਰ 'ਤੇ ਚਿੱਠੀਆਂ ਮੇਰੇ ਹੱਥਾਂ ਤੱਰ ਬੜੀ ਜ਼ੁੰਮੇਵਾਰੀ ਨਾਲ ਪਹੁੰਚਾਈਆਂ।

ਮੁਆਫ਼ੀ ਚਾਹੁੰਦਾ ਹਾਂ ਉਹਨਾਂ ਨਵੇ 'ਤੇ ਖਾਸ ਕਰਕੇ ਸਥਾਪਿਤ ਲੇਖਕਾਂ ਪਾਸੋਂ ਜਿਹਨਾਂ ਨੂੰ ਮੈਂ ਇਸ ਸੰਗ੍ਰਹਿ ਵਿੱਚ ਕਿਸੇ ਨਾ ਕਿਸੇ ਵਜ੍ਹਾ ਕਰਕੇ ਸ਼ਾਮਲ ਨਾ ਕਰ ਸਕਿਆ।

ਮੇਰੀ ਤਮੰਨਾ ਸੀ ਇਹ ਸਗ੍ਰਹਿ ਘੱਟੋ-ਘੱਟ ਸੱਤ ਫਰਮਿਆਂ ਦਾ ਹੁੰਦਾ ਪਰ ਚਲੋ ਜੋ ਹੈ ਆਪ ਦੇ ਹੱਥਾਂ ਵਿੱਚ ਹੈ। ਕਬੂਲ ਫ਼ਰਮਾਓ। ਮੇਰੀ ਪੰਜਾਬੀ ਮਾਂ ਬੋਲੀ ਲਈ ਕੀਤੀ ਸੇਵਾ ਕਿੰਨੀ ਕੁ ਸਾਰਥਿਕ ਹੈ। ਇਸਦਾ ਪਤਾ ਉਦੋਂ ਲੱਗਾ ਜਦੋਂ ਇਹ ਸੰਗ੍ਰਹਿ ਤੁਸੀਂ ਪੜ੍ਹੋਗੇ 'ਤੇ ਮੈਨੂੰ ਇਸ ਸੰਬੰਧੀ ਤੁਹਾਡੀਆਂ ਚਿੱਠੀਆਂ ਮਿਲਣਗੀਆਂ। ਅੱਛਾ ਦੋਸਤੋਂ ਹੁਣ ਇਹ ਕਹਿਕੇ ਬੱਸ ਕਰਦਾ ਹਾਂ,

"ਦੋਸਤਾਂ ਨੇ ਤਜ਼ਰਬਿਆਂ ਦੀ ਸ਼ਕਲ ਵਿੱਚ ਜੋ ਮੈਨੂੰ ਭੇਜਿਆ ਸੀ,
ਅੱਜ ਸੂਦ ਸਮੇਤ ਉਹ ਸਭ ਕੁਝ ਵਾਪਸ ਕਰ ਰਿਹਾ ਹਾਂ ਮੈਂ।"

ਆਪ ਦੇ ਹੁੰਗਾਰੇ ਦੀ ਉਡੀਕ ਵਿੱਚ,

ਆਪਦਾ 'ਤੇ ਸਿਰਫ਼ ਆਪਦਾ

**ਜਸਵਿੰਦਰ 'ਦੂਹੜਾ'**
ਪਿੰਡ 'ਤੇ ਡਾਕ . ਦੂਹੜੇ
ਜਲੰਧਰ-144302
(ਪੰਜਾਬ)

ਕੁਝ ਸੰਪਾਦਕਾਂ ਬਾਰੇ

# ਗਹਿਰ-ਗਭੀਰ ਲੇਖਕ
## ਜਸਵਿੰਦਰ ਦੂਹੜਾ



ਪਹਿਲੀ ਤੱਕਣੀ ਵਿੱਚ ਦੇਖਕੇ ਕੋਈ ਇਹ ਨਹੀਂ ਕਹਿ ਸਕਦਾ ਕਿ ਜਸਵਿੰਦਰ ਵਿੱਚ ਕਈ ਗੁਣ ਹੋਣਗੇ। ਦੇਖਣ ਨੂੰ ਭੋਲਾ-ਭਾਲਾ ਮਿਠੇ ਸੁਭਾ ਵਾਲਾ ਜਸਵਿੰਦਰ ਅੱਜ ਤੋਂ ਢਾਈ ਕੁ ਦੁਹਾਕੇ ਪਹਿਲਾਂ ਇਸ ਧਰਤੀ 'ਤੇ ਆਇਆ। ਦੋਆਬੇ ਦੇ ਪ੍ਰਸਿੱਧ ਪਿੰਡ 'ਦੂਹੜੇ' ਦੇ ਵਸਨੀਕ ਸੁੱਚਾ ਸਿੰਘ ਦੇ ਜਦ ਉਹ ਜਨਮਿਆਂ ਤਾਂ ਪਿਤਾ ਨੇ ਦੋਸਤਾਂ ਨੂੰ ਸ਼ਾਰਾਬ ਪਿਲਾਈ ਮਾਂ ਨੇ ਲੱਡੂ ਵੰਡੇ ਤੇ ਅੰਤਾਂ ਦੇ ਚਾਅ ਮਲ੍ਹਾਰ ਕੀਤੇ। ਜੇਠਾ ਪੁੱਤ ਹੋਣ ਕਰਕੇ ਉਸਦੀ ਪਾਲਣਾ ਬੜੇ ਚਾਵਾਂ 'ਤੇ ਲਾਡਾਂ ਨਾਲ ਹੋਈ। ਲਾਡ-ਲਾਡ ਵਿੱਚ ਜਸਵਿੰਦਰ ਅੱਠ-ਸਾਲਾਂ ਦਾ ਹੋ ਗਿਆ ਪਰ ਮਾਂ ਨੇ ਸਕੂਲੇ ਨਾ ਭੇਜਿਆ। ਆਖਰ ਬਾਪ ਨੇ ਨੌਂਵੇ ਸਾਲ 'ਚ ਉਸਨੂੰ ਸਕੂਲ ਸ. ਸੀਨੀਅਰ ਸਕੈਂਡਰੀ ਸਕੂਲ ਦੋਲੀਕੇ-ਦੂਹੜੇ ਜਲੰਧਰ ਤੋਂ ਹਾਸਲ ਕੀਤੀ। ਇਥੇ ਉਹ ਲੈਕਚਰਾਰਾਂ ਦਾ ਚਹੇਤਾ ਰਿਹਾ।

ਜਦੋਂ ਜਸਵਿੰਦਰ ਅਜੇ ਪ੍ਰਾਇਮਰੀ ਵਿੱਚ ਸੀ ਤਾਂ ਮਾਂ ਜੋਗਿੰਦਰ ਕੌਰ ਨੇ ਉਸਦਾ ਹੱਥ ਪੰਡਤ ਨੂੰ ਦਿਖਾਇਆ।
ਉਸਨੇ ਦੱਸਿਆ 'ਮਾਤਾ ਤੇਰੇ ਪੁੱਤ ਨੂੰ ਦੁਨੀਆਂ ਯਾਦ ਕਰਿਆ ਕਰੇਗੀ 'ਤੇ ਇਸ ਦੀ ਪਹਿਚਾਣ ਦੂਰ-ਦੂਰ ਤੱਕ ਹੋਵੇਗੀ।" ਮਾਂ ਨੇ ਇਹ ਗੱਲ ਪਿਤਾ ਨੂੰ ਦੱਸੀ। ਪਿਤਾ ਨੌਕਰੀ ਪੇਸ਼ਾ ਸੀ 'ਤੇ ਉਹ ਆਪਣੇ ਪੁੱਤਰ ਨੂੰ

ਵੱਡਾ ਅਫ਼ਸਰ ਬਣਾਉਣਾ ਚਾਹੁੰਦਾ ਸੀ। ਮਾਂ ਵੀ ਉਸ ਲਈ ਇਹ ਸੁਫ਼ਨੇ ਦੇਖਦੀ। ਇਸ ਲਈ ਉੱਚ ਵਿੱਦਿਆ ਲਈ ਉਹਨੂੰ 'ਲਾਇਲਪੁਰ ਖਾਲਸਾ-ਕਾਲਜ ਜਲੰਧਰ' ਵਿਖੇ ਦਾਖ਼ਲਾ ਦੁਵਾਇਆ।

ਬੀ. ਏ. ਦੀ ਪੜ੍ਹਾਈ ਦੁਰਾਨ ਉਸਦੀ ਮੁਲਾਕਾਤ ਸ. ਅਮਰਜੀਤ ਸਿੰਘ ਸੰਧੂ (ਸ਼ਰੋਮਣੀ ਗ਼ਜਲ ਗੋ) ਨਾਲ ਹੋਈ। ਉਸਨੇ ਉਹਨਾਂ ਨੂੰ ਆਪਣਾ ਉਸਤਾਦ ਧਾਰ ਲਿਆ ਤੇ ਗ਼ਜ਼ਲ ਸਿਖਣੀ ਅਰੰਭੀ। ਇਸ ਤੋਂ ਪਹਿਲਾਂ ਜਸਵਿੰਦਰ ਅਨੇਕਾਂ ਕਹਾਣੀ,ਨਜ਼ਮਾਂ 'ਤੇ ਗੀਤ ਲਿਖ ਚੁੱਕਾ ਸੀ। ਜੋ ਮਸ਼ਹੂਰ ਰਸਾਲਿਆਂ'ਚ ਛਪ ਚੁੱਕੇ ਸਨ। ਜਸਵਿੰਦਰ ਦੀ ਕਲਾ ਨੂੰ ਭਾਸ਼ਾ-ਵਿਭਾਗ ਪਟਿਆਲਾ ਨੇ ਪਹਿਚਾਣਿਆ 'ਤੇ ਉਸਦੀਆ ਰਚਨਾਵਾਂ 'ਜਨ-ਸਾਹਿਤ' ਰਸਾਲੇ 'ਚ ਪ੍ਰਕਾਸ਼ਤ ਕੀਤੀਆਂ।

ਜਸਵਿੰਦਰ ਦਾ ਮੁੱਖ ਰੁਝਾਨ ਨਜ਼ਮ 'ਤੇ ਗ਼ਜ਼ਲ ਵੱਲ ਹੈ। ਉਸਦੀ ਰਚਨਾ ਵਿੱਚੋਂ ਸ਼ਿਵ ਕੁਮਾਰ ਦੇ ਗੀਤਾਂ ਵਰਗੀ ਝਲਕ ਪੈਂਦੀ ਹੈ। ਉਸਦੀ ਚੁਪ 'ਤੇ ਗੰਭੀਰਤਾ ਨੂੰ ਦੇਖਕੇ ਲੱਗਦਾ ਹੈ ਜਿਵੇ ਉਸਦੇ ਅੰਦਰ ਕੋਈ ਅੱਗ ਹੈ ਜੋ ਇਕ ਦਿਨ ਜਵਾਲਾ ਮੁੱਖੀ ਬਣਕੇ ਫੁਟੇਗੀ।

ਜਸਵਿੰਦਰ ਆਪਣੇ ਮਾਂ-ਬਾਪ ਦੀ ਸੋਚ ਅਨੁਸਾਰ ਅਫ਼ਸਰ ਤਾਂ ਬਣ ਨਾ ਸਕਿਆ। ਪਰ ਪੰਡਤ ਦੇ ਕਹੇ ਅਨੁਸਾਰ ਉਸਨੂੰ ਦੁਨੀਆਂ ਜ਼ਰੂਰ ਯਾਦ ਕਰਿਆ ਕਰੇਗੀ 'ਤੇ ਉਸਦੀ ਪਹਿਚਾਣ ਦੂਰ-ਦੂਰ ਤੱਕ ਹੋਵੇਗੀ।

ਅਮੀਨ........
ਮਾਸਟਰ ਦਰਸ਼ਨ ਸਿੰਘ 'ਦਰਸ਼ੀ'
ਸ.ਸੀ.ਸੈ.ਸਕੂਲ,ਦੋਲੀਕੇ-ਦੂਹੜੇ।
ਜਲੰਧਰ।

# ਇੱਕ ਵੱਲਖਣ ਸਖਸ਼ਿਆਤ ਦਾ ਮਾਲਕ ਜਸਵੀਰ ਦੋਲੀਕੇ



ਹਰ ਇਨਸਾਨ ਆਪਣੀ ਸਖਸ਼ੀਅਤ ਕਰਕੇ ਜਾਣਿਆ ਜਾਂਦਾ ਹੈ, ਉਸਦੀ ਸਖਸ਼ੀਅਤ ਵਿੱਚ ਉਸਦਾ ਸੁਭਾਅ, ਆਦਤਾਂ 'ਤੇ ਗੁਣ ਸ਼ਾਮਲ ਹੁੰਦੇ ਹਨ। ਜੇ ਕਰ ਉਸ ਵਿੱਚ ਕੋਈ ਕਲਾ ਵੀ ਹੋਵੇ ਤਾਂ ਕੀ ਕਹਿਣੇ। ਕੁਝ ਇਸੇ ਹੀ ਤਰ੍ਹਾਂ ਹੈ ਸੁਖਵੀਰ। ਦੁਆਬੇ ਦੇ ਪ੍ਰਸਿੱਧ ਸ਼ਹਿਰ ਜਲੰਧਰ ਦੇ ਪਿੰਡ ਦੋਲੀਕੇ ਵਿੱਚ ਸ਼੍ਰੀ ਮੋਹਨ ਸਿੰਘ ਦੇ ਘਰ 16 ਅਪ੍ਰੈਲ,1975 ਨੂੰ ਜਦੋ ਉਹ ਜਨਮਿਆਂ ਤਾਂ ਘਰ ਵਿੱਚ ਖੁਸ਼ੀਆਂ ਦਾ ਹੜ੍ਹ ਆ ਗਿਆ। ਪੜ੍ਹਨੇ ਪਾਇਆ ਤਾਂ ਦਸਵੀਂ ਪਿੰਡ ਦੇ ਸਕੂਲੋਂ ਕੀਤੀ। ਉੱਚ ਵਿੱਦਿਆ ਲਈ 'ਦੋਆਬਾ ਕਾਲਜ-ਜਲੰਧਰ' ਵਿਚ ਦਾਖਲ ਹੋ ਗਿਆ। ਪੜ੍ਹਨੇ ਪਾਇਆ ਤਾਂ ਦਸਵੀਂ ਪਿੰਡ ਦੇ ਸਕੂਲੋਂ ਕੀਤੀ। ਉੱਚ ਵਿੱਦਿਆ ਲਈ 'ਦੋਆਬਾ ਕਾਲਜ-ਜਲੰਧਰ' ਵਿੱਚ ਦਾਖਲ ਹੋ ਗਿਆ। ਉਥੇ ਹੀ ਉਸਦੀ ਮੁਲਾਕਾਤ ਡਾ.ਡੀ.ਬੀ.ਰਾਏ ਨਾਲ ਹੋਈ। ਉਹਨਾਂ ਸੁਖਵੀਰ ਨੂੰ ਪੜ੍ਹਾਈ ਵਿੱਚ ਨਿਪੁੰਨ ਕਰ ਦਿੱਤਾ 'ਤੇ ਨਾਲ -ਨਾਲ ਪੰਜਾਬੀ ਸਾਹਿਤ ਪੜ੍ਹਨ ਦਾ ਅਮਲ ਵੀ ਲਾ ਦਿੱਤਾ। ਦੋਆਬਾ ਕਾਲਜ ਤੋਂ ਬਾਅਦ ਮਾਸਟਰ ਆਫ਼ ਆਰਟ ਦੀ ਡਿਗਰੀ ਲਈ ਲਾਇਲਪੁਰ ਖਾਲਸਾ ਕਾਲਜ ਵਿੱਚ ਆ ਗਿਆ। ਇੱਥੇ ਹੀ ਕੰਪਿਊਟਰ ਦੀ ਡਿਗਰੀ ਵੀ ਹਾਸਲ ਕੀਤੀ। ਪਰ ਪੜ੍ਹਨ ਦੀ ਤਮੰਨਾ ਅਜੇ ਵੀ ਦਿਲ ਵਿੱਚ ਸੀ ਇਸ ਲਈ ਇਕ ਹੋਰ ਮਾਸਟਰ ਡਿਗਰੀ ਵਿੰਙੀ ਪੜ੍ਹਾਈ ਕਰ ਰਿਹਾ ਹੈ। ਸੁਖਵੀਰ ਨੇ ਪੰਜਾਬੀ ਸਾਹਿਤ ਦੀ ਹਰੇਕ ਵਿੰਕੀ 'ਤੇ ਹੱਥ ਅਜਮਾਇਆ ਹੈ ਪਰ ਆਪਣੇ ਦਿਲ ਦੀ ਗੱਲ ਕਹਿਣ ਦਾ ਜ਼ਰੀਆ ਕਹਾਣੀ ਨੂੰ ਜਾਣਿਆ।

ਇਕ ਵਾਰੀ ਮੈਂ ਸੁਖਵੀਰ ' ਤੋਂ ਕਹਾਣੀ ਲਿਖਣ ਬਾਰੇ ਪੁੱਛਿਆ ਤਾਂ ਉਸਨੇ ਮੈਨੂੰ ਕਿਹਾ,' ਮੈਂ ਇਕ ਵਾਰੀ ਆਪਣੇ ਦਿਲ ਦੀ ਗੱਲ ਕਿਸੇ ਨੂੰ ਕਹਿਣੀ ਚਾਹੀ, ਉਸ ਨੂੰ ਜੋ ਕੁਝ ਮੈਂ ਲਿਖਿਆ, ਉਸ ਤੱਕ ਪਹੁੰਚਾਣ

ਦਾ ਹੌਂਸਲਾ ਨਾ ਪਿਆ ਪਰ ਉਹੀ ਗੱਲ ਸਮਾਂ ਪੈਣ 'ਤੇ ਕਹਾਣੀ ਬਣ ਗਈ।"

ਸੁਖਵੀਰ ਭਾਵੇਂ ਅਜੇ ਕਲਾ ਪਾਸੋਂ ਕੱਚਾ ਹੈ, ਪਰ ਵਕਤ ਦੇ ਨਾਲ-ਨਾਲ ਉਸ ਦੀ ਕਲਾ ਵਿੱਚ ਨਰੋਇਆ ਪਨ ਆ ਜਾਵੇਗਾ 'ਤੇ ਉਹ ਪੰਜਾਬੀ ਸਾਹਿਤ ਵਿੱਚ ਆਪਣਾ ਨਾਂ ਬਣਾ ਲਏਗਾ।

ਜਸਵਿੰਦਰ 'ਦੂਹੜਾ'

# ਬਹੁ-ਗੁਣਾ ਦੀ ਗੁਥੱਲੀ

## ਗਰਦੀਪ ਸਿੰਘ 'ਦੀਪ'



ਗੀਤਕਾਰ, ਮਿੰਨੀ ਕਹਾਣੀਕਾਰ, ਸਟੇਜ਼ ਸੰਚਾਲਕ, ਭੰਗੜਾ, ਚਿਤੱਰਕਾਰੀ, ਸੰਗੀਤ ਦਾ ਆਸ਼ਕ ਕਿੱਤੇ ਅਤੇ ਕੁਦਰਤ ਦੀਆਂ ਕਲਾਂ ਵਜੋਂ ਟੇਲਰਿੰਗ, ਪਲੰਬਰ, ਦੁਕਾਨਦਾਰੀ ਵਿੱਚ ਨਿਪੁੰਨ ਇਕ ਬਹੁ-ਪੱਖੀ ਸਖ਼ਸ਼ੀਅਤ ਦਾ ਨਾਮ ਹੈ, ਗਰਦੀਪ ਸਿੰਘ 'ਦੀਪ' ਉਰਫ਼ ਦੀਪ ਦੂਹੜਿਆਂ ਵਾਲਾ।

ਦੀਪ ਦਾ ਜਨਮ 4 ਜਨਵਰੀ 1967 ਨੂੰ ਪਿਤਾ ਸ. ਗੁਰਬਖ਼ਸ਼ ਸਿੰਘ ਮਾਤਾ ਨਿਰਮਲ ਕੌਰ ਦੇ ਘਰ ਪਿੰਡ ਦੂਹੜੇ ਵਿਖੇ ਹੋਇਆ, ਦੀਪ ਬਚਪਨ ਤੋਂ ਹੀ ਹੋਣਹਾਰ 'ਤੇ ਸੋਚਵਾਨ ਰਿਹਾ ਹੈ, ਮਿੱਠ-ਬੋਲੜਾ, ਮਿਲਣਸਾਰ ਅਤੇ ਮਜਾਕੀਆ ਸੁਭਾਅ ਦਾ ਦੀਪ ਖੇਡਾਂ ਵਿੱਚ ਵੀ ਕਾਫ਼ੀ ਰੂਚੀ ਰੱਖਦਾ ਹੈ, ਇਹ ਫੁਟਬਾਲ ਦਾ ਅੱਛਾ ਖਿਡਾਰੀ ਰਿਹਾ ਇਸ ਗੱਲ ਦੀ ਗਵਾਹੀ ਉਸ ਦੇ ਕਮਰੇ ਵਿੱਚ ਪਈਆਂ ਟਰਾਫ਼ੀਆਂ ਅਤੇ ਤਸਵੀਰਾਂ ਭਰਦੀਆਂ ਰਨ, ਲਿਖਣ ਦਾ ਸ਼ੌਂਕ ਸਕੂਲ ਪੱਧਰ ਤੋਂ ਹੀ ਸੀ, ਪਹਿਲਾਂ-ਪਹਿਲ ਧਾਰਮਿਕ ਗੀਤ,ਫਿਰ ਸਭਿਆਚਾਰ ਬਾਰੇ ਲਿਖਣ ਲੱਗਾ, ਲਿਖਣਾ ਪਰ ਸੰਭਾਲ ਨਾ ਕਰਨੀ ਕਿਸੇ ਨੂੰ ਵੀ ਸਭਿਆਚਾਰ ਬਾਰੇ ਲਿਖਣ ਲੱਗਾ, ਲਿਖਣਾ ਪਰ ਸੰਭਾਲ ਨਾ ਕਰਨੀ ਕਿਸੇ ਨੂੰ ਵੀ ਲਿਖ ਕੇ ਫੜਾ ਦੇਣਾ, ਇਸ ਗੱਲ ਨੇ 'ਦੀਪ' ਨੂੰ ਕਾਫੀ ਨੁਕਸਾਨ ਪਹੁੰਚਾਇਆ ਇਸ ਦੇ ਕਈ ਅੱਛੇ ਗੀਤ, ਗੀਤ ਚੋਰਾਂ ਦੇ ਹੱਥੇ ਚੜੇ, ਨਾਮੀ ਗਾਇਕਾਂ ਨੇ ਗਾਏ। ਪੜ੍ਹਾਈ ਤਾਂ ਉਸਦੇ ਹਿੱਸੇ ਦਸਵੀਂ ਤੱਕ ਹੀ ਆਈ, ਪਰ ਵਿਚਾਰਾਂ ਵਿੱਚ ਕਿਸੇ ਗਰੈਜੂਏਟ ਤੋਂ ਘੱਟ ਨਹੀਂ, ਜਿਸ ਦਾ

ਸਦਕਾ ਉਸ ਨੂੰ 19 ਜੂਨ,1999 ਨੂੰ ਪੰਜਾਬੀ ਕਲਚਰ ਸੁਸਾਇਟੀ ਦੋਲੀਕੇ-ਸੁੰਦਰ ਪੁਰ ਵਲੋਂ ਸਨਮਾਨਿਤ ਕੀਤਾ ਗਿਆ। 'ਦੀਪ' ਜਦ ਗਹਿਰ ਗੰਭੀਰ ਹੋ ਕੇ ਸੋਚਦਾ ਹੈ ਤੰ ਉਸਦੀ ਸੋਚ ਕਦੇ ਗੀਤ ਅਤੇ ਕਦੇ ਮਿੰਨੀ ਕਹਾਣੀ ਨੂੰ ਜਨਮ ਦਿੰਦੀ ਹੈ।

ਭਾਵੇ ਮਿੰਨੀ ਕਹਾਣੀ ਵਿੱਚ ਦੀਪ ਦਾ ਨਾਮ ਨਵਾਂ ਹੈ ਪਰ ਰਚਨਾਵਾਂ ਵਿੱਚ ਸਥਾਪਿਤ ਲੇਖਕਾਂ ਜਿਹੀ ਨਿੱਗਰਤਾ ਹੈ। ਹੁਣ ਤੱਕ ਕਹਾਣੀ ਕਲਾ ਨੂੰ ਦੀਪ ਨੇ ਆਪਣੇ ਤੱਕ ਜਾਂ ਕੁਝ ਕੁ ਜਾਣੂਆਂ ਤੱਕ ਹੀ ਸੀਮਿਤ ਰੱਖਿਆ ਸੀ, ਜਿਸ ਨੂੰ ਜੱਗ ਜ਼ਾਹਰ ਕਰਨ ਦਾ ਮੈਂ ਮਾਣ ਹਾਸਲ ਕਰ ਰਿਹਾ ਹਾਂ। ਜਿਸ ਦੀ ਮੈਨੂੰ ਅਤਿਅੰਤ ਖੁਸ਼ੀ ਹੈ।

**ਜਸਵਿੰਦਰ 'ਦੂਹੜਾ'**

# ਇੱਕ ਸੱਚ

ਕਾਲਜ ਤੋਂ ਆ ਕੇ ਮੈਂ ਬਾਈਪਾਸ ਬੱਸ ਦੀ ਉਡੀਕ ਕਰਨ ਲੱਗਾ। ਬੱਸ ਦੇ ਆਉਂਣ ਵਿੱਚ ਹਾਲੇ ਟਾਈਮ ਸੀ। ਮੈਂ ਸੋਚਿਆ ਕਿ ਜਾ ਕੇ ਮੈਡੀਕਲ ਸਟੋਰ 'ਤੇ ਕਿਉਂ ਨਾ ਅਖ਼ਬਾਰ ਪੜ੍ਹੀ ਜਾਵੇ, ਟਾਈਮ ਪਾਸ ਹੋ ਜਾਏਗਾ। ਮੈਡੀਕਲ ਸਟੋਰ ਵਾਲਾ ਮੇਰਾ ਮਿੱਤਰ ਸੀ। ਮੈਂ ਉੱਥੇ ਜਾ ਕੇ ਅਖ਼ਬਾਰ ਪੜ੍ਹਨ ਵਿੱਚ ਰੁੱਝ ਗਿਆ।

"ਡਾਕਟਰ ਸਾਹਿਬ ! ਇਕ ਕੋਰੈਕਸ ਦੀ ਸ਼ੀਸ਼ੀ ਦੇਣੀ, ਮੇਰੀ ਭੈਣ ਨੂੰ ਬਹੁਤ ਖੰਘ ਹੈ।" ਇਕ ਕਾਲਜੀਏਟ ਲੜਕੀ ਨੇ ਮੈਡੀਕਲ ਸਟੋਰ ਵਾਲੇ ਨੂੰ ਮੁਖ਼ਾਤਿਬ ਹੁੰਦਿਆਂ ਕਿਹਾ।

ਮੇਰਾ ਧਿਆਨ ਅਖ਼ਬਾਰ ਤੋਂ ਅਚਾਨਕ ਲੜਕੀ ਦੀ ਆਵਾਜ਼ ਸੁਣ ਕੇ ਉਠ ਗਿਆ। ਮੈਂ ਵੇਖਿਆ ਕਿ ਇਹ ਤਾਂ ਸਾਡੇ ਪਿੰਡ ਦੀ ਰਾਜਵਿੰਦਰ ਹੈ। ਪਰ ਇਸ ਦੀ ਭੈਣ ਇੰਗਲੈਂਡ ਗਈ ਨੂੰ ਤਾਂ ਦੋ ਸਾਲਾਂ ਤੋਂ ਵੱਧ ਸਮਾਂ ਹੋ ਗਿਆ। ਹੋਰ ਇਸ ਦੀ ਕੋਈ ਭੈਣ ਵੀ ਨਹੀਂ । ਜਦੋਂ ਰਾਜਵਿੰਦਰ ਨੇ ਮੇਰੇ ਵੱਲ ਵੇਖਿਆ ਤਾਂ ਉਸ ਦੀਆਂ ਨਜ਼ਰਾਂ ਮੇਰੀਆਂ ਨਜ਼ਰਾਂ ਨਾਲ ਮਿਲਣ ਤੋਂ ਅਸਮਰਥ ਸਨ।

# ਗਰੀਟਿੰਗ ਕਾਰਡ

ਹਰਜੀਤ ਮਨੋਜ ਨੂੰ ਨਾਲ ਲੈ ਕੇ ਕਿਤਾਬਾਂ ਦੇ ਬਜ਼ਾਰ ਕਿਤਾਬਾਂ ਖਰੀਦਣ ਲਈ ਗਿਆ। ਬਜ਼ਾਰ ਵਿੱਚ ਗਰੀਟਿੰਗ ਕਾਰਡ ਵੀ ਬਹੁਤ ਵਧੀਆ-ਵਧੀਆ ਸਨ। "ਚਲ ਯਾਰ ਕੋਈ ਗਰੀਟਿੰਗ ਕਾਰਡ ਲੈ ਲਈਏ ।" ਮਨੋਜ ਨੇ ਹਰਜੀਤ ਨੂੰ ਕਿਹਾ। "ਯਾਰ ਤੂੰ ਕਿਹਨੂੰ ਦੇਣਾ ਏ ? ਆਪਾਂ ਸੋਹਣਿਆਂ ਨੂੰ ਦੇਣਾ ਹੈ, ਦੇਖ ਕੋਈ ਵਧੀਆ ਜਿਹਾ ਕਾਰਡ

।" ਮਨੋਜ ਨੇ ਉਸਦੀ ਜਾਣਕਾਰੀ ਲਈ ਦੱਸਿਆ । "ਦੇਖੀ ਯਾਰਾਂ ਦੀ ਪਸੰਦ । ਕਾਰਡ ਦੇਖ ਕੇ ਖੁਸ਼ੀ ਕਿਵੇਂ ਹੁੰਦੀ ਹੈ। ਹਰਜੀਤ ਨੇ ਆਪਣੀ ਸ਼ਲਾਘਾ ਕਰਦੇ ਹੋਏ ਕਿਹਾ।

ਹਰਜੀਤ ਨੇ ਆਪਣੀ ਪਸੰਦ ਦਾ ਵਧੀਆ ਜਿਹਾ ਕਾਰਡ ਖ਼ਰੀਦ ਕੇ ਮਨੋਜ ਨੂੰ ਦੇ ਦਿੱਤਾ । ਹਰਜੀਤ ਦੀ ਭੈਣ ਕਾਲਜੋਂ ਪੜ੍ਹ ਕੇ ਆਈ ਜਦ ਕਿ ਹਰਜੀਤ ਪਹਿਲਾਂ ਹੀ ਘਰ ਪੁੱਜ ਚੁੱਕਾ ਸੀ।

ਹਰਜੀਤ ਦੀ ਸਰਸਰੀ ਨਿਗਾਹ ਰਜਿੰਦਰ ਦੀਆਂ ਰੱਖੀਆ ਕਿਤਾਬਾਂ 'ਤੇ ਪਈ ਤਾਂ ਉਸ ਨੂੰ ਕੁਝ ਵੱਖਰਾ ਜਿਹਾ ਜਾਪਿਆ। ਉੱਠ ਕੇ ਰਜਿੰਦਰ ਦੀਆਂ ਕਿਤਾਬਾਂ ਫਰੋਲਣ ਲੱਗ ਪਿਆ।

ਉਹੀ ਕਾਰਡ ਉਸ ਨੇ ਆਪਣੀ ਭੈਣ ਰਜਿੰਦਰ ਦੀਆਂ ਕਿਤਾਬਾਂ ਵਿੱਚ ਵੇਖਦਿਆਂ ਉਸ ਦੇ ਤਨਬਦਨ ਵਿੱਚ ਅੱਗ ਲੱਗ ਗਈ। ਹਰਜੀਤ ਨੇ ਆਪਣੀ ਭੈਣ ਦੇ ਖਿਚ ਕੇ ਥੱਪੜ ਮਾਰਦੇ ਹੋਏ ਕਿਹਾ, "ਕੱਲ ਤੋਂ ਇਸ ਨੂੰ ਕਾਲਜ ਨਾ ਭੇਜਣਾ, ਇਸ ਨੂੰ ਘਰ ਹੀ ਰੱਖਿਆ ਕਰੋ ।" ਕਹਿ ਕੇ ਹਰਜੀਤ ਖੂਹ ਵੱਲ ਨੂੰ ਨਿਕਲ ਤੁਰਿਆ।

-ਸੁਖਵੀਰ ਸਿੰਘ ਦੋਲੀਕੇ

# ਹੱਕ

"ਕਿੱਥੇ ਗਿਆ ਸੀ ?"
"ਕੋਠੇ ਵਾਲੀ ਕੋਲ ।"
"ਕੀ ਕਰਨ ਗਿਆ ਸੀ ?"
"ਸਰੀਰਕ ਸੁੱਖ ਲੈਣ ਲਈ ।"
"ਕੀ ਤੇਰਾ ਵਿਆਹ ਨਹੀ ਹੋਇਆ ?"
"ਵਿਆਹ ਤਾਂ ਹੋ ਚੁੱਕਾ ਹੈ ।"
"ਜੇਕਰ ਤੇਰਾ ਵਿਆਹ ਹੋ ਚੁਕਾ ਹੈ ਤਾਂ ਕੋਠੇ ਵਾਲੀ ਕੋਲ ਸਰੀਰਕ ਸੁੱਖ ਲੈਣ ਜਾਣ ਦੀ ਕੀ ਲੋੜ ਹੈ ।"
"ਜਨਾਬ ! ਜੇਕਰ ਪਤਨੀ ਘਰ ਮੇਰੇ ਕੋਲ ਹੁੰਦੀ ਤਾਂ ਕੌਣ ਜਾਂਦਾ ਹੈ ਕੋਠੇ ਵਾਲੀ ਕੋਲ ।"
"ਤੇਰੀ ਪਤਨੀ ਕਿਥੇ ਹੈ ?"
"ਉਹ ਤਾਂ ਹਿਦੋਸਤਾਨ ਹੀ ਹੈ ?"
"ਕਿੰਨਾ ਵਕਤ ਹੋਇਆ ਹੈ ਤੈਨੂੰ ਹਿਦੋਸਤਾਨ ਤੋਂ ਆਇਆਂ ?"
"ਛੇ ਸਾਲ ਹੋ ਹੀ ਚੁੱਕੇ ਹਨ ।"
"ਅੱਛਾ ! ਤੂੰ ਛੇ ਸਾਲਾਂ ਵਿੱਚ ਕਿੰਨੀ ਵਾਰੀ ਕੋਠੇ ਵਾਲੀ ਕੋਲ ਗਿਆ ਹੋਏਗਾ ?"
"ਤਕਰੀਬਨ ਦੋ ਢਾਈ ਸੋ ਵਾਰ ।"
"ਪਰ ਵਿਆਹੇ ਬੰਦੇ ਵਾਸਤੇ ਇਹ ਗੱਲ ਚੰਗੀ ਨਹੀਂ ਕਿ ਉਹ ਕੋਠੇ ਵਾਲੀ ਕੋਲ ਜਾਵੇ ।"
" ਕੀ ਮੈਨੂੰ ਕੋਠੇ ਤੇ ਜਾਣ ਦਾ ਕੋਈ ਹੱਕ ਨਹੀਂ ?"
"ਸ੍ਰੀ ਮਾਨ ਜੀ, ਹੱਕ ਦੀ ਗੱਲ ਨਾ ਕਰੋ ?"
"ਕਿਉਂ ਨਾ ਕਰਾਂ ।"
"ਕੀ ਤੁਸੀ ਇਹ ਹੱਕ ਆਪਣੀ ਪਤਨੀ ਨੂੰ ਦੇ ਸਕਦੇ ਹੋ ਕਿ ਉਹ ਆਪਣੇ ਸਰੀਰਕ ਸੁੱਖ ਲੈਣ ਲਈ ਕਿਸੇ ਦੂਸਰੇ ਕੋਲ ਜਾ ਸਕੇ ?"

# ਇਨਸਾਨ

"ਮੈਂ ਸੁਣਿਆ ਹੈ ਕਿ ਭਾਰਤ-ਪਾਕਿਸਤਾਨ ਦੀ ਲੜਾਈ ਕੁਝ ਦਿਨਾਂ ਤੱਕ ਸ਼ੁਰੂ ਹੋਣ ਵਾਲੀ ਹੈ ।"

"ਹਾਂ ਯਾਰ, ਸੁਣਿਆ ਤਾਂ ਮੈਂ ਵੀ ਇਸੇ ਤਰ੍ਹਾਂ ਹੈ ਪਰ ਇਹਨਾਂ ਕੁਰਸੀਆਂ 'ਤੇ ਬੈਠ ਕੇ ਹੁਕਮ ਚਲਾਉਣ ਵਾਲਿਆ ਦਾ ਕੁਝ ਨਹੀਓ ਜਾਣਾ। ਸਭ ਕੁਝ ਤਾਂ ਤਬਾਹ ਹੋ ਜਾਣਾ ਹੈ ਆਪਾਂ ਲੋਕਾਂ ਦਾ, ਨਿਰਦੇਸ਼ ਲੋਕ ਮਾਰੇ ਜਾਣੇ, ਮਾਸੂਮ ਬੱਚਿਆ ਨੂੰ ਮਹਿਕ ਖਿਲਾਰਨ ਤੋਂ ਪਹਿਲਾਂ ਹੀ ਖ਼ਤਮ ਕਰ ਦਿੱਤਾ ਜਾਣਾ, ਭੈਣਾ ਦੇ ਵੀਰ, ਮਾਵਾਂ ਦੇ ਪੁੱਤ ਅਤੇ ਸੁਹਾਗਣਾਂ ਦੇ ਸੁਹਾਗ ਖੋਹ ਲਏ ਜਾਣਗੇ ।"

"ਤੇਰੀ ਗੱਲ ਤਾਂ ਬਿਲਕੁਲ ਠੀਕ ਹੈ, ਭਾਰਤ ਜਿੱਤੇ ਭਾਵੇਂ ਪਾਕਿਸਤਾਨ ਪਰ ਦੋਨਾਂ ਪਾਸੇ ਮਰਨੇ ਤਾਂ ਇਨਸਾਨ ਹੀ ਹਨ ।'

-ਸੋਢੀ ਸਹਿਜਲ

## ਚਿੱੜੀਆਂ ਬੋਲ ਪਈਆਂ

ਪਿੰਡ ਦੇ ਲਹਿੰਦੇ ਪਾਸੇ ਹੇਠਲੇ ਵਰਗ ਦੇ ਲੋਕਾਂ ਦੇ ਘਰ ਸਨ ਅਤੇ ਚੜਦੇ ਪਾਸੇ ਉੱਚ ਵਰਗ ਦੇ......। ਆਜ਼ਾਦੀ ਮਿਲੀ ਨੂੰ ਕਈ ਦਹਾਕੇ ਬੀਤ ਗਏ ਪਰ ਉੱਚ ਵਰਗ ਦੇ ਲੋਕਾਂ ਦਾ ਅੱਤਿਆਚਾਰ ਹੇਠਲੇ ਵਰਗ ਦੇ ਲੋਕਾਂ 'ਤੇ ਦੇਸ਼ ਦੀ ਗੁਲਾਮੀ ਵਾਲਾ ਹੀ ਸੀ। ਉਹ ਜਦ ਚਾਹੁੰਦੇ ਉਹਨਾਂ ਨੂੰ ਆਪਣੇ ਫਾਇਦੇ ਲਈ ਵਰਤਦੇ...........। ਉਹਨਾਂ ਕੋਲੋਂ ਜਾਨਵਰਾਂ ਵਾਂਗੂ ਕੰਮ ਲੈਂਦੇ ਤੇ ਉਹਨਾਂ ਨਾਲ ਜਾਨਵਰਾਂ ਵਾਲਾ ਸਲੂਕ ਕਰਦੇ....। ਇੱਕ ਦਿਨ ਉਸ ਪਿੰਡ ਵਿੱਚ ਇਕ ਮੁਸਾਫਰ ਆਇਆ। ਗਰੀਬੀ ਤੇ ਮਸੂਮੀਯਤ ਦੀ ਇਸ ਹਾਲਤ 'ਤੇ ਪਹਿਲਾਂ ਉਸਨੂੰ ਤਰਸ ਆਇਆ ਤੇ ਫਿਰ ਗੁੱਸਾ। ਉਹ ਉਥੋਂ ਸੂਰਜ ਨਿਕਲਨ ਤੋਂ ਪਹਿਲਾਂ-ਪਹਿਲਾਂ ਚੁਪ-ਚਾਪ ਚਲਿਆ ਗਿਆ ਪਰ ਜਾਂਦਾ-ਜਾਂਦਾ ਉਸ ਪਿੰਡ ਦੇ ਲਹਿੰਦੇ ਪਾਸੇ ਦੀਆਂ ਕੰਧਾਂ 'ਤੇ ਲਿਖ ਗਿਆ.......

ਚੂੰ ਕਾਰ ਅੱਜ ਹਮਾ ਹੀਲਤੇ ਦਰ ਗੁਜਸ਼ਤ॥
ਹਲਾਲ ਅਸਤ-ਬੁਰਦਨ-ਬ-ਸੁਮਸ਼ੀਰ ਦਸਤ ॥

ਉਹੀ ਮੁਸਾਫ਼ਰ ਕੁਝ ਦਿਨਾਂ ਬਾਦ ਉਥੋਂ ਦੀ ਵਾਪਸ ਲੰਘਿਆ ਤਾਂ ਉਸਨੇ ਦੇਖਿਆ ਕਿ ਚੜਦੇ ਪਾਸੇ ਦੇ ਦੋ-ਤਿੰਨ ਮੰਜ਼ਿਲੀ ਮਹੱਲਾਂ ਵਰਗੇ ਘਰਾਂ ਵਿੱਚੋ ਅੱਗ ਦੀਆਂ ਲਪਟਾਂ ਉਠ ਰਹੀਆਂ ਹਨ ਤੇ ਲਹਿੰਦੇ ਪਾਸੇ ਦੇ ਲੋਕ ਹੱਥਾਂ 'ਚ ਹਥਿਆਰ ਲਈ ਚੜ੍ਹਦੇ ਪਾਸੇ ਵੱਲ ਨੂੰ ਦੌੜੇ ਜਾ ਰਹੇ ਹਨ।

## ਇੱਜ਼ਤ

"ਕੁੜੀਏ ਸਿਰ ਤੇ ਚੁੰਨੀ ਲੈ ਕੇ ਬਾਹਰ ਨਿਕਲਿਆ ਕਰ ਨਾਲੇ ਰਾਹ ਵਿੱਚ ਅੱਖਾਂ ਨੀਵੀਆਂ ਕਰਕੇ ਤੁਰਿਆ ਕਰ ਕਿਤੇ ਸਾਡੀ

ਇੱਜ਼ਤ ਖੇਹ 'ਚ ਨਾ ਰੁੱਲਾ ਦੇਵੀ, ਲੋਕੀ ਹਲਕਿਆਂ ਕੁੱਤਿਆਂ ਵਾਂਗਰ ਦੇਖਦੇ ਨੇ ਬੈਗਾਨੀਆਂ ਧੀਆਂ-ਭੈਣ ਵੱਲ ।"
ਰਾਮੋ ਨੇ ਆਪਣੀ ਜਵਾਨ ਧੀ ਨੂੰ ਸਮਝਾਉਂਦੇ ਹੋਏ ਕਿਹਾ ।
"ਮਾਂ ਇੱਜ਼ਤ ਤਾਂ ਖੇਹ 'ਚ ਉਦੋਂ ਹੀ ਰੁੱਲ ਗਈ ਸੀ ਜਦੋਂ ਤੂੰ ਮੈਨੂੰ ਇਹ ਕਹਿਕੇ ਪੜ੍ਹਨੋਂ ਹਟਾ ਲਿਆ ਕਿ ਕੁੜੀਆਂ ਦਾ ਬਹੁਤਾ ਪੜ੍ਹਨਾ ਠੀਕ ਨਹੀਂ ਹੁੰਦਾ ਤੇ ਮੈਨੂੰ ਲੰਬੜਾਂ ਦੇ ਘਰ ਗੋਹਾ ਚੁਕਣ ਲਈ ਲਗਾ ਦਿੱਤਾ।"
ਇਹ ਕਹਿਕੇ ਕੁੜੀ ਟੋਕਰਾ ਸਿਰ 'ਤੇ ਚੁੱਕ ਬਾਹਰ ਨਿਕਲ ਗਈ ਤੇ ਰਾਮੋ ਉਸ ਦੀ ਗੱਲ ਦੇ ਮਤਲਬ ਬਾਰੇ ਸੋਚਦੀ ਰਹੀ।

## ਜ਼ਖ਼ਮ

ਡਾਕਟਰ ਨੇ ਰਣਜੀਤ ਦੀਆਂ ਪੱਟੀਆਂ ਖੋਲ੍ਹਦੇ ਹੋਏ ਕਿਹਾ, "ਲੈ ਰਣਜੀਤ ਸਿਹਾਂ ਹੁਣ ਤੇਰੇ ਜਖ਼ਮ ਪੂਰੀ ਤਰ੍ਹਾਂ ਭਰ ਗਏ ਹਨ ਅਤੇ ਨਿਸ਼ਾਨ ਵੀ ਸਮਾਂ ਪੈਣ ਤੇ ਮਿੱਟ ਜਾਣਗੇ।"

ਡਾਕਟਰ ਦੀ ਗੱਲ ਸੁਣ ਕੇ ਰਣਜੀਤ ਦੀਆਂ ਅੱਖਾਂ ਭਰ ਆਈਆਂ ਤੇ ਉਸਨੇ ਡਾਕਟਰ ਨੂੰ ਕਿਹਾ, "ਡਾਕਟਰ ਸਾਹਿਬ ਸਰੀਰ ਦੇ ਜ਼ਖ਼ਮ ਤਾਂ ਭਰ ਗਏ ਹਨ......।ਪਰ ਮੇਰੇ ਪੁੱਤਰ ਨੇ ਸਾਡੇ ਪਤੀ-ਪਤਨੀ ਤੇ ਹੱਥ ਚੁੱਕਕੇ ਜੋ ਜਖ਼ਮ ਸਾਡੇ ਦਿਲਾਂ ਤੇ ਕੀਤੇ ਹਨ ਉਹ ਕਿਹੜੀ ਦਵਾਈ ਨਾਲ ਭਰਨਗੇ।"

ਰਣਜੀਤ ਦੀ ਗੱਲ ਡਾਕਟਰ ਉਸ ਦੇ ਮੂੰਹ ਵੱਲ ਦੇਖਦਾ ਰਿਹਾ, ਜਿਸ ਤਰ੍ਹਾਂ ਰਣਜੀਤ ਦੇ ਸਵਾਲ ਦਾ ਉਸ ਕੋਲ ਕੋਈ ਜਵਾਬ ਹੀ ਨਾ ਹੋਵੇ।

- ਜਸਵਿੰਦਰ ਦੂਹੜਾ

# ਔਲਾਦ ਵਾਲੇ

ਮੀਂਹ ਤੇ ਗੜੇ ਲਗਾਤਾਰ ਪੈ ਰਹੇ ਸਨ। ਰਾਹਗੀਰ ਆਪਣੇ – ਆਪਣੇ ਘਰਾਂ ਨੂੰ ਭੱਜੇ ਜਾ ਰਹੇ ਸਨ। ਗੜਿਆ ਦੀ ਸੱਟ ਸਰੀਰ 'ਤੇ ਸੇਕ ਪਾ ਰਹੀ ਸੀ। ਹਨੇਰੀ ਵੀ ਪੂਰੇ ਜੋਸ਼ ਤੇ ਸੀ। ਅੰਬੋ ਸੜਕ ਦੇ ਕਿਨਾਰੇ ਪਈ ਹੌਲੀ–ਹੌਲੀ ਸਿਸਕੀਆਂ ਲੈ ਰਹੀ ਸੀ।

ਰਾਧੀ ਉਥੋਂ ਉਸ ਵੱਲ ਗਈ ਤੇ ਕਹਿਣ ਲੱਗੀ, "ਕਿਉਂ ਭੈਣ ਰੋ ਕਿਉਂ ਰਹੀ ਏ, ਏਨੇ ਮੀਂਹ ਵਿੱਚ ਸੜਕ ਤੇ, ਚੱਲ ਉੱਠ ਮੇਰੇ ਨਾਲ ਚਲ।" ਰਾਧੀ ਨੇ ਕਿੰਨੇ ਹੀ ਸਵਾਲ ਅੰਬੋ ਦੇ ਕਿਸੇ ਜਵਾਬ ਬਿਨਾਂ ਕਰ ਦਿੱਤੇ। ਬੇਔਲਾਦ ਰਾਧੀ ਨੇ ਘਰ ਆ ਕੇ ਅੰਬੋ ਨੂੰ ਕਿਹਾ,

"ਤੇਰੇ ਬੱਚੇ ਨੇ ?"
"ਹਾਂ।"
"ਕਿੰਨੇ ?"
"ਚਾਰ ਪੁੱਤਰ।"

ਰਾਧੀ ਇਕਦਮ ਹੈਰਾਨ ਹੋ ਗਈ ਤੇ ਸੋਚਣ ਲੱਗੀ ਚਾਰ ਪੁੱਤਰ ਹੋਣ 'ਤੇ ਵੀ ਅੰਬੋ ਸੜਕ 'ਤੇ ਪਈ ਹੈ ਪਰ ਮੈਂ ਵੀ ਹੀ...।

ਹੁਣ ਰਾਧੀ ਨੂੰ ਪੂਰੀ ਸਮਝ ਆ ਗਈ ਸੀ। ਅੰਬੋ ਦੇ ਔਲਾਦ ਹੋਣ 'ਤੇ ਪਹਾੜ ਜਿੱਡੇ ਦੁੱਖ ਅੱਗੇ ਰਾਧੀ ਨੂੰ ਆਪਣੇ ਬੇਔਲਾਦ ਹੋਣ ਦਾ ਗ਼ਮ ਬਹੁਤ ਛੋਟਾ ਜਾਪਿਆ। ਮੀਂਹ ਦਾ ਜੋਰ ਘੱਟ ਗਿਆ ਸੀ ਤੇ ਸੜਕ ਉੱਤੇ ਪਹਿਲਾਂ ਵਾਂਗ ਆਵਾਜਾਈ ਸ਼ੁਰੂ ਹੋ ਗਈ ਸੀ। ਹੁਣ ਰਾਧੀ ਦੀ ਸੋਚ ਵਿੱਚ ਤਬਦੀਲੀ ਸੀ।

# ਵਸੀਅਤ

ਤਿੰਨਾਂ ਪੁੱਤਰਾਂ ਦੀ ਨੀਅਤ ਮਿਲਖਾ ਸਿੰਘ ਦੀ ਜਾਇਦਾਦ 'ਤੇ ਸੀ ਮਿਲਖਾ ਸਿੰਘ ਜ਼ਿੰਦਗੀ ਦੇ ਦਿਨ ਕਿਆਮਤ ਦੀ ਤਰ੍ਹਾਂ ਕੱਟ ਰਿਹਾ ਸੀ। ਪੂਰੀ ਵਸੀਅਤ ਦੇ ਕਾਗਜ਼ ਉਸਨੇ ਤਿਆਰ ਕਰਵਾ ਕੇ ਵਸੀਅਤ ਵਿੱਚ ਇਹੀ ਲਿਖਵਾਇਆ ਕਿ ਉਸਦੀ ਪੂਰੀ ਜਾਇਦਾਦ ਦਾ ਮਾਸਕ ਉਹੀ ਹੋਵੇਗਾ ਜਿਸ ਕੋਲ ਉਹ ਆਪਣਾ
ਮੈਨੂੰ ਆਖ਼ਰੀ ਸਮਾਂ ਕੱਟੇਗਾ
ਮਿਲਖਾ ਸਿੰਘ ਅੱਜ ਆਪਣੇ ਸਭ ਤੋਂ ਛੋਟੇ ਪੁੱਤਰ ਦੇ ਘਰ ਗਿਆ ਤਾਂ "ਬਾਪੂ ਜੀ ਤੁਸੀਂ ਚਾਰ ਪੰਜ ਦਿਨ ਐਥੇ ਹੀ ਰਹੋ ,ਨਾਲੇ ਸਾਡਾ ਦਿਲ ਵੀ ਲੱਗ ਜਾਉ, ਫਿਰ ਤੁਹਾਡੀ ਸਿਹਤ ਵੀ ਠੀਕ ਨਹੀਂ ਰਹਿੰਦੀ ।"
ਮਿਲਖਾ ਸਿੰਘ ਦੀ ਨੂੰਹ ਨੇ ਇਹ ਆਸ ਲਗਾਉਦੇਂ ਕਿਹਾ ਕਿ ਸ਼ਾਇਦ ਉਸ ਦੇ ਘਰ ਹੀ ਬਾਪੂ ਦਾ ਆਖ਼ਰੀ ਸਮਾਂ ਹੋਵੇ 'ਤੇ ਵਸੀਅਤ ਉਨ੍ਹਾਂ ਦੇ ਨਾਂ ਲੱਗ ਜਾਵੇ ।ਉਹ ਰਾਤ ਨੂੰ ਵਾਰ-ਵਾਰ ਵਾਪੂ ਦੀ ਸਿਹਤ ਦੇਖਦੇ ਰਹੇ।

ਉਨ੍ਹਾਂ ਸਵੇਰੇ ਦੇਖਿਆ ਕਿ ਬਾਪੂ ਕਮਰੇ ਵਿੱਚ ਨਹੀਂ ਸੀ। ਕਿਸੇ ਨੇ ਖਬਰ ਦਿੱਤੀ ਕਿ ਮਿਲਖਾ ਸਿੰਘ ਦੀ ਮੌਤ ਹੋ ਗਈ ਹੈ। ਤਿੰਨੇ ਪੁੱਤਰ ਇੱਕ ਦੂਸਰੇ ਦੇ ਘਰਾਂ ਨੂੰ ਭੱਜੇ ਜਾ ਰਹੇ ਸਨ ਪਰ ਮਿਲਖਾ ਸਿੰਘ ਕਿਸੇ ਪੁੱਤਰ ਦੇ ਵੀ ਘਰ ਨਹੀਂ ਸੀ।
ਗੁਰਦੁਆਰੇ ਦੇ ਪਾਠੀ ਨੇ ਉਨ੍ਹਾਂ ਨੂੰ ਦੱਸਿਆ, " ਅੱਜ ਜਦ ਉਹ ਸਵੇਰੇ ਪਾਠ ਕਰ ਰਿਹਾ ਸੀ ਤਾਂ ਮਿਲਖਾ ਸਿਓ ਆਇਆ 'ਤੇ ਮੱਥਾ ਟੇਕ ਪਾਠ ਸੁਣਦਾ-ਸੁਣਦਾ ਪਤਾ ਨਹੀਂ ਕਿਹੜੇ ਵੇਲੇ........।"
ਤਿਨਾਂ ਪੁੱਤਰਾਂ ਦੇ ਚਿਹਰੇ ਇਕਦਮ ਉੱਤਰ ਗਏ। ਨੂੰਹਾਂ ਉੱਚੀ-ਉੱਚੀ ਰੋ ਰਹਾਈ ਸਨ ਤੇ ਕੀਰਨੇ ਪਾ ਰਹੀਆਂ ਸਨ ਮਿਲਖਾ ਸਿੰਘ ਦੇ ਮਰਨ ਦੇ ਨਹੀਂ ਹਥੋਂ ਨਿਕਲਣ ਦੇ........।

-ਸੁਰਜੀਤ ਕੌਰ ਪਵਾਰ

# ਕੇਹਾ ਸਮਾਜ

"ਦੇਖ ਉਏ ਜੀਤੇ, ਤੈਨੂੰ ਇੱਥੇ ਈ ਕਨੇਡਾ ਦਿਖਾਵਾਂ। ਵੇਖ ਪਤੰਦਰ ਕਿਵੇਂ ਬਾਹਾਂ 'ਚ ਬਾਹਾਂ ਪਾਈ ਜਾਂਦੇ।" ਦੀਪੇ ਨੇ ਮਿਜ਼ਾਜ ਨਾਲ ਹੌਂਕਾ ਜਿਹਾ ਲੈਂਦੇ ਕਿਹਾ।

ਜਦੋਂ ਕਾਹਲੀ ਨਾਲ ਉਹ ਉਨ੍ਹਾਂ ਦੇ ਬਰਾਬਰ ਗਏ ਤਾਂ ਇੱਕ ਆਦਮੀ ਜਿਸ ਨੂੰ ਅੱਖਾਂ ਤੋਂ ਦਿਖਾਈ ਨਹੀ ਸੀ ਦਿੰਦਾ, ਆਪਣੀ ਲੜਕੀ ਦਾ ਸਹਾਰਾ ਲੈ ਕੇ ਜਾ ਰਿਹਾ ਸੀ।

# ਮਜ਼ਬੂਰੀ

ਇੱਕ ਕਸਾਈ ਦੀ ਪਤਨੀ ਨੂੰ ਉਸ ਦੇ ਬੱਚੇ ਨੇ ਪੁਛਿਆ-
"ਮੰਮੀ ਪਾਪਾ ਕੀ ਕੰਮ ਕਰਦੇ ਹਨ ?"

ਪਤਨੀ ਖਾਮੋਸ਼ ਸੀ।

ਤਾਂ ਉਸ ਦੀ ਮਾਂ ਨੇ ਝੱਟ ਬੱਚੇ ਨੂੰ ਕਲੇਜੇ ਨਾਲ ਲਾ ਲਿਆ, ਸਾਹਮਣੇ ਉਸ ਦਾ ਪਤੀ ਜਦੋਂ ਵਿਹੜੇ ਬੰਨ੍ਹੀ ਬੱਕਰੀ ਕੋਲੋਂ ਉਸ ਦੇ ਪਠੋਰੇ ਨੂੰ ਧੂਹ ਕੇ ਆਪਣੇ ਮੀਟ ਵਾਲੇ ਖੋਖੇ ਤੇ ਲਿਜਾ ਰਿਹਾ ਸੀ। ਉਹ ਜਾਣਦੀ ਹੋਈ ਵੀ ਬੱਚੇ ਨੂੰ ਉਸ ਦੇ ਸਵਾਲ ਦਾ ਜਵਾਬ ਨਾ ਦੇ ਸਕੀ ਸਿਸਕਦੀ ਹੋਈ ਨੇ ਬੱਚੇ ਨੂੰ ਸੀਨੇ ਨਾਲ ਲਾ ਕੇ ਵਾਰ-ਵਾਰ ਚੁੰਮਿਆਂ ।

-ਪਰਮਜੀਤ ਰਾਮਗੜ੍ਹੀ

# ਪੱਥਰ ਬੂੰਦ ਪਈ

ਮਨਿਆਰੀ ਦੀ ਦੁਕਾਨ 'ਤੇ ਇੱਕ ਅੱਧਖੱੜ ਜਿਹੀ ਉਮਰ ਦਾ ਆਦਮੀ ਆ ਗਿਆ । ਉਸ ਦਾ ਸਾਧਾਰਣ ਜਿਹਾ ਲਿਬਾਸ , ਮੂੰਹ ਵਿੱਚ ਨੂੰ 'ਤੇ ਚਿੰਤਾ-ਗ੍ਰਸਤ ਅੱਖਾਂ ਦੇਖਣ ਨੂੰ ਪੇਂਡੂ ਮਜ਼ਦੂਰ ਦੀ ਬਾਤ ਪਾ ਰਹੀਆਂ ਸਨ।

"ਕੀ ਹਲਕਾ ਜਿਹਾ ਕੜ੍ਹਾ ਮਿਲ ਜੂ ? ਉਸਨੇ ਦੁਕਾਨਦਾਰ ਕੋਲੋਂ ਪੁਛਿਆ।"

ਦੁਕਾਨਦਾਰ ਨੇ ਹਾਂ 'ਚ ਸਿਰ ਹਿਲਾਇਆ। "ਲਾਲ ਰੰਗ ਦੀਆਂ ਹਲਕੀਆਂ ਜਿਹੀਆਂ ਵੰਗਾਂ ਵੀ ? " " ਹਾਂ-ਹਾਂ ਕਿਉ ਨਹੀ, ਹੋਰ ਦੱਸ.......?" ਦੁਕਾਨਦਾਰ ਨੇ ਉਹਦੇ ਚਿਹਰੇ ਤੋਂ ਕੁਝ ਪੜ੍ਹਦਿਆਂ ਕਿਹਾ ।

ਉਸਨੇ ਕਾਗਜ਼ ਦੀ ਪਰਚੀ ਫੜਾਉਂਦੇ ਹੋਏ ਕਿਹਾ, "ਭਲਾ ਦੇਖੀ ਤਾਂ ਇਹ ਸਮਾਨ ਕਿੰਨੇ ਕੁ ਦਾ ਹੋਊ ?"

" ਲੱਗੇ ਭਾਅ ਵੀ ਦੇਵਾਂ ਤਾਂ ਪੰਜਤਾਲੀ ਕੁ ਤਾਂ ਲੱਗਣਗੇ ਹੀ ।"

" ਚੱਲ ਅੱਛਾ ਦੇ ਦੇ ਫਿਰ ।" ਉਹਨੇ ਹੌਂਕਾ ਜਿਹਾ ਭਰਿਆ ।

" ਸੁੱਖ ਤਾਂ ਏ, ਕਿਸੇ ਸਿਆਣੇ ਦੱਸਿਆ ਲੱਗਦੈ ?"

" ਬੱਸ ਏਦਾਂ ਈਆ ਏ ਸਮਝ ਲਾ, ਕੀ ਕਰੀਏ ?"

" ਫਿਰ ਵੀ.............?"

ਉਸ ਨੇ ਸੰਖੇਪ ਵਿੱਚ ਸਾਰੀ ਹਾਲਤ ਦੱਸਦਿਆਂ ਬੇਵਸੀ ਜ਼ਾਹਰ ਕੀਤੀ। "ਐਵੇਂ ਨਾ ਡਰ, ਕੋਈ ਖ਼ਾਸ ਗੱਲ ਨਹੀਂ। ਜੇਕਰ ਤੇਰਾ ਫਰੀ ਈ ਸਾਰ ਦੇਈਏ ਤਾਂ ਮੰਨੇਗਾਂ ?" ਦੁਕਾਨਦਾਰ ਨੇ ਸਮਾਨ ਨੂੰ ਥਾਈਂ ਰੱਖਕੇ ਕਿਹਾ ।" ਬੋਲ ਕਦੋਂ ਬਾਹਰ ਕਸਰ ਭਜਾਈਏ ?" ਦੁਕਾਨਦਾਰ ਨੇ ਫਿਰ ਚੁੱਟਕੀ ਤੇ ਚੁੱਟਕੀ ਵਜਾਉਂਦੇ ਹੋਏ ਕਿਹਾ ।

" ਮੈਂ ਘਰ ਸਲਾਹ ਕਰਕੇ ਦੱਸਾਗਾਂ।" ਉਹਨੇ ਸਿਰ ਖੁਰਕਦੇ ਕਿਹਾ, ਦੁਕਾਨਦਾਰ ਥੋੜੇ ਚਿਰ ਮਗਰੋਂ ਕੀ ਦੇਖਦਾ ਹੈ ਕਿ ਉਹੀ ਆਦਮੀ ਸੜਕ ਪਾਰ ਕਰਕੇ ਕਿਸੇ ਹੋਰ ਦੁਕਾਨ ਤੋਂ ਉਹੀ ਸਮਾਨ ਖਰੀਦ ਰਿਹਾ ਸੀ ।

# ਵਿਸ਼ਵਾਸ

ਕੱਚੀ-ਪੱਕੀ ਪੁਰਾਣੀ ਜਿਹੀ ਕਬਰ, ਜਿਸ ਉਪਰ ਘਾਹ ਫੂਸ, ਅੱਕ ਧਤੂਰੇ 'ਤੇ ਹੋਰ ਨਿਕ-ਸੁਕ ਉੱਗਿਆ ਹੋਇਆ ਸੀ। ਓਪਰੇ ਪਿੰਡ ਦਾ ਅਮਲੀ ਜਿਹਾ ਆਦਮੀ ਕਬਰ 'ਤੇ ਬਾ-ਖੌਫ ਚੜ ਧਤੂਰੇ ਦੇ ਡੋਡੇ ਤੋੜ-ਤੋੜ ਕਮੀਜ਼ ਦੇ ਵੱਖੀ ਵਾਲੇ ਖੀਸੇ 'ਚ ਤੁਨ ਰਿਹਾ ਸੀ।

" ਵੇ ਭਾਈ ! ਤੇਰਾ ਭਲਾ ਹੋਵੇ,ਇਉਂ ਨਾ ਕਰ ਵੇ ।" ਰਸਤੇ ਜਾਂਦੀ ਡਰੀ ਹੋਈ ਆਵਾਜ਼ ਨਾਲ ਮਨੁੱਖਤਾ ਨਾਤੇ ਮਾਈ ਮਾਨੋ੍ ਨੇ ਵਾਸਤਾ ਜਿਹਾ ਪਾਇਆ।

"ਕਿਉ ਮਾਤਾ, ਕੀ ਗੱਲ ਹੋਗੀ ?"

" ਵੇ ਪੁੱਤ ਤੈਨੂੰ ਨਹੀਂ ਪਤਾ, ਏਹ ਜਗ੍ਹਾ ਬੜੀ ਸਖ਼ਤੀ ਏ, ਪੀਰਾਂ ਦਾ ਵਾਸਾ ਏ, ਕਿਤੇ ਹੋਰ ਹੀ ਨਾ ਜਾਹ ਜਾਂਦੀ ਹੋ ਜੇ ।"

"ਮਾਤਾ ਮੈਂ ਕੋਈ ਪਹਿਲੀ ਵਾਰੀ ਨਹੀਂ ਆਇਆ ਮੈਂ ਤਾਂ ਕਈ ਵਰ੍ਹਿਆਂ ਤੋਂ ਏਦਾਂ ਹੀ ਕਰਦਾ, ਮਾਤਾ ਤੂੰ ਐਂਵੇ ਈ ਡਰੀ ਜਾਂਦੀ ਏਂ, ਮੈਨੂੰ ਤਾਂ ਕਦੇ ਕੋਈ ਪੀਰ ਪੂਰ ਦਿਖੇ ਨ੍ਹੀਂ ।" ਉਹਨੇ ਪੂਰੇ ਵਿਸ਼ਵਾਸ ਨਾਲ ਕਿਹਾ ।

-ਗੁਰਬਖਸ਼ ਪਨਾਮ

## ਇਨਸਾਫ਼

ਮੇਰਾ ਆਪਣੇ ਕਿਰਾਏਦਾਰ ਨਾਲ ਝਗੜਾ ਹੋ ਗਿਆ। ਮਾਮਲਾ ਕਚਿਹਰੀ ਤੱਕ ਪਹੁੰਚ ਗਿਆ । ਅੱਜ ਲਗਾਤਾਰ ਦੋ ਮਹੀਨੇ ਹੋ ਗਏ ਸਨ ਮੈਨੂੰ ਕਚਿਹਰੀ ਆਉਂਦਿਆਂ । ਉਹ ਉਸੇ ਬਾਹਰ ਪਿਆ ਬਿਲਕ ਰਿਹਾ ਹੁੰਦਾ ਅਤੇ ਕੁਰਲਾ ਰਿਹਾ ਹੁੰਦਾ " ਓਏ ਮੈਨੂੰ ਅੰਦਰ ਲੈ ਜਾਓ, ਕੁਝ ਤਾਂ ਖ਼ੁਦਾ ਦਾ ਖੌਫ਼ ਖਾਓ, ਕਿਉ ਮੈਨੂੰ ਤੁਸੀਂ ਬਾਹਰ ਸੁੱਟਿਆ ਹੋਇਆ ਹੈ। ਕੁਝ ਤਾਂ ਸ਼ਰਮ ਕਰੋ ਇਹਨਾਂ ਕਾਲੇ ਕੋਟਾਂ ਦੀ ।"

ਉਹ ਚੀਕਦਾ ਰਹਿੰਦਾ ਪਰ ਜੱਜ ਤੇ ਵਕੀਲ ਉਸਦੀ ਬਿਨਾਂ ਸੁਣੇ ਬੇਧਿਆਨੇ ਅੱਗੇ ਲੰਘ ਜਾਂਦੇ । ਅੱਜ ਮੈਂ ਹੌਂਸਲਾ ਜਿਹਾ ਕਰਕੇ ਉਸਨੂੰ ਪੁੱਛ ਹੀ ਲਿਆ । "ਬਾਈ ਤੂੰ ਹੈ ਕੌਣ ਅਤੇ ਕਚਿਹਰੀ ਤੋਂ ਬਾਹਰ ਇਸ ਤਰ੍ਹਾਂ................?"

"ਇਨਸਾਫ ਹਾਂ ਮੈਂ ।" ਉਸਨੇ ਸਹਿਮੀ ਜਿਹੀ ਆਵਾਜ਼ ਵਿੱਚ ਕਿਹਾ ਅਤੇ ਮੈਂ ਉਸ ਦਿਨ ਤੋਂ ਕਚਿਹਰੀ ਜਾਣਾ ਛੱਡ ਦਿੱਤਾ ਅਤੇ ਆਪਣੇ ਕਿਰਾਏਦਾਰ ਦੀਆਂ ਸਾਰੀਆਂ ਸ਼ਰਤਾਂ ਚੁੱਪ-ਚਾਪ ਮੰਨ ਕੇ ਉਸਤੋਂ ਮਕਾਨ ਖ਼ਾਲੀ ਕਰਵਾ ਲਿਆ।

## ਦੇਖਦੇ-ਦੇਖਦੇ

ਮੈਂ ਆਪਣੇ ਇੱਕ ਪੁਰਾਣੇ ਦੋਸਤ ਨੂੰ ਮਿਲ ਕੇ ਆ ਰਿਹਾ ਸਾਂ। ਮੈਂ ਅਜੇ ਸ਼ਹਿਰੋਂ ਬਾਹਰ ਹੀ ਨਿਕਲਿਆ ਸਾਂ ਕਿ ਅਚਾਨਕ ਰੌਲਾ ਪੈ ਗਿਆ। ਮੇਨ ਰੋਡ 'ਤੇ ਇਕ ਮਾਰੂਤੀ ਕਾਰ ਟਰੱਕ ਵਿੱਚ ਆ ਵੱਜੀ। ਲੋਕ ਇਕੱਠੇ ਹੋ ਗਏ। ਆਦਮੀ ਦੋ ਆਦਮੀ ਬੁਰੀ ਤਰ੍ਹਾਂ ਨਾਲ ਜਖ਼ਮੀ ਹੋ ਗਏ ਇਕ 'ਤੇ ਸ਼ਾਇਦ........।

ਮੈਂ ਵੀ ਖੜਾ ਹੋ ਕੇ ਦੇਖਣ ਲੱਗ ਪਿਆ। "ਹਟੋ ਓਏ, ਹਟੋ ਪਰੇ ਹੱਟ ਓਏ........।"

ਦੋ ਪੁਲਸੀਏ ਡੰਡਾ ਖੜਕਾਉਂਦੇ ਹੋਏ ਉੱਥੇ ਪਹੁੰਚ ਗਏ ਅਤੇ ਲੋਕ ਕੁਝ ਉਹਨਾਂ ਨੂੰ ਦੇਖਦੇ ਹੀ ਇੱਧਰ-ਉਧਰ ਖਿਸਕ ਗਏ ਅਤੇ ਕੁਝ ਉਹਨਾਂ ਦੌੜਾ ਦਿੱਤੇ। ਉਹਨਾਂ ਵਿੱਚੋਂ ਇੱਕ ਨੇ ਪਹਿਲਾਂ ਮਾਰੂਤੀ ਵਿਚੋਂ ਸਟੀਰੀਓ ਅਤੇ ਫਿਰ ਪੰਜ ਸੱਤ ਕੈਸਟਾਂ ਜੇਬਾਂ 'ਚ ਪਾ ਲਈਆਂ। ਦੂਜੇ ਨੇ ਡੰਡੇ ਨਾਲ ਸੀਟ 'ਤੇ ਪਏ ਲਿਫ਼ਾਫੇ ਨੂੰ ਫਰੋਲਿਆ ਅਤੇ ਸਾਥੀ ਨੂੰ ਚੱਲਣ ਦਾ ਇਸ਼ਾਰਾ ਕੀਤਾ । ਚੱਲ ਜਾ ਕੇ ਥਾਣੇ ਰਿਪੋਰਟ ਕਰੀਏ ਅਤੇ ਦੋਨੋਂ ਅਪਣੇ ਰਾਹ ਤੁਰ ਪਏ। ਉਹ ਆਦਮੀ ਅਜੇ ਵੀ ਉਵੇਂ ਹੀ ਤੜਪ ਰਹੇ ਸਨ । ਮੈਂ ਪੱਥਰ ਬਣਿਆਂ ਕਦੀ ਉਹਨਾਂ ਵੱਲ ਅਤੇ ਕਦੀ ਪੁਲਸੀਆਂ ਵੱਲ ਦੇਖਦਾ ਰਿਹਾ ।

-ਸੁਖਵਿੰਦਰ ਦੂਹੜਾ

# ਏਕ ਨੂਰ ਤੋਂ

ਸ਼ਹੀਦੀ ਪੁਰਬ ’ਤੇ ਗੁਰਦੁਆਰੇ ਵਿੱਚ ਲੰਗਰ ਦਾ ਪ੍ਰਬੰਧ ਸੀ। ਜੀਤਾ ਵੀ ਆਪਣੇ ਸਾਥੀਆਂ ਨਾਲ ਗੁਰਦੁਆਰੇ ਮੱਥਾ ਟੇਕਣ ਚਲਾ ਗਿਆ। ਮੱਥਾ ਟੇਕ ਕੇ ਜਗੋਂ ਉਹ ਲੰਗਰ ਖਾਣ ਲਈ ਬੈਠਣ ਲੱਗਾ ਤਾਂ ਲੰਗਰ ਵਰਤਾ ਰਹੇ ਭਾਈ ਨੇ ਕਿਹਾ, “ਚੱਲ ਜੀਤਿਆ ਉੱਠ ਇੱਥੋ ਵਿਹੜੇ ਵਾਲਿਆਂ ਦੀ ਉਹ ਲਾਇਨ ਹੈ।”

ਭਾਈ ਨੇ ਇੱਕ ਪਾਸੇ ਇਸ਼ਾਰਾ ਕੀਤਾ। ਉਹ ਅਣਮੰਨੇ ਮਨ ਨਾਲ ਉਥੋਂ ਉੱਠ ਘਰ ਵੱਲ ਚੱਲ ਪਿਆ। ਪਰ ਸਪੀਕਰ ’ਚੋਂ ਆ ਰਹੀ ਆਵਾਜ਼, “ਏਕ ਨੂਰ ਤੇ ਸਭ ਜੱਗ ਉਪਜਿਆ” ਉਸਨੂੰ ਬੇਚੈਨ ਕਰ ਰਹੀ ਸੀ ਤੇ ਉਹ ਇਸ ਆਵਾਜ਼ ਤੋਂ ਦੂਰ ਨਿਕਲ ਜਾਣਾ ਚਾਹੁੰਦਾ ਸੀ ।

# ਡਰ

“ਮੰਮੀ-ਮੰਮੀ ਮੈਨੂੰ ਨੀਤੂ ਨੇ ਦੱਸਿਆ ਕਿ ਕੱਲ੍ਹ ਚਾਰ ਗੁੰਡੇ ਇਕ ਲੜਕੀ ਨੂੰ ਚੁੱਕ ਕੇ ਲੈ ਗਏ । ਮੰਮੀ ਉਹ ਉਸ ਨੂੰ ਮਾਰ ਕੇ ਖਾ ਜਾਣਗੇ। ਜਿੰਦਾ ਕੁੱਤੇ ਬਿੱਲੀ ਨੂੰ ਮਾਰ ਕੇ ਖਾ ਜਾਂਦੇ ਨੇ, ਇਹ ਬਿੱਲੀ ਕੁੱਤੇ ਦਾ ਸਾਨੂੰ ਸਬਕ ਹੈ, ਕੁੱਤੇ ਬਿੱਲੀ ਨੂੰ ਮਾਰ ਕੇ ਖਾ ਗਏ ਸੀ। ਜੋਤੀ ਸੱਤ-ਅੱਠ ਸਾਲ ਦੀ ਬੱਚੀ ਨੇ ਆਪਣੀ ਮੰਮੀ ਕੋਲੋਂ ਪੁਛਿਆ।

“ਨਹੀ ਬੇਟੇ ਉਹ ਉਸ ਨੂੰ ਮਾਰਨਗੇ ਨਹੀ ਬਲਕਿ................। ਮਾਂ ਨੇ ਜੋਤੀ ਨੂੰ ਘੁੱਟ ਕੇ ਆਪਣੇ ਸੀਨੇ ਨਾਲ ਲਾ ਲਿਆ ’ਤੇ ਸੋਚਾਂ ਵਿੱਚ ਪੈ ਗਈ।

# ਭਵਿੱਖ

"ਮੈਂ ਸੁਣਿਆ ਤੁਹਾਡਾ ਦੋਸਤ ਜੱਜ ਦੀ ਪੋਸਟ ਤੇ ਲੱਗ ਗਿਆ ?" ਸ਼ਾਮੀ ਘਰ ਆਏ ਦੀਪ ਨੂੰ ਉਸ ਦੀ ਵਹੁਟੀ ਨੇ ਕਿਹਾ। " ਹਾਂ ਲੱਗ ਗਿਆ ਪਰ ਆਪਾਂ ਨੂੰ ਕੀ।" ਏਨਾ ਕਹਿ ਦੀਪ ਨੇ ਆਪਣੀ ਘਰ ਵਾਲੀ ਨੂੰ ਜਵਾਬ ਦਿੱਤਾ । ਦੀਪ ਦੇ ਬੋਲਣ ਨਾਲ ਹੀ ਸ਼ਰਾਬ ਦੀ ਦੁਰਗੰਧ ਹਵਾ 'ਚ ਫੈਲ ਗਈ। ਦੀਪ ਦੇ ਕੋਲ ਹੀ ਉਸਦਾ ਦੋ ਕੁ ਸਾਲ ਦਾ ਮੁੰਡਾ ਖੇਡ ਰਿਹਾ ਸੀ, ਉਸ ਨੇ ਉਸਨੂੰ ਚੁੱਕ ਲਿਆ 'ਤੇ ਨਾਲ ਹੀ ਕਿਹਾ, ਹੁਣ ਆਪਾ ਆਪਣੇ ਬਿੱਟੂ ਨੂੰ ਚੰਗੀ ਤਰ੍ਹਾਂ ਪੜ੍ਹਾਵਾਂਗੇ ਤੇ ਕਿਸੇ ਚੰਗੀ ਪੋਸਟ 'ਤੇ ਲਾਵਾਂਗੇ, ਮੇਰਾ ਤਾਂ ਜੀ ਕਰਦਾ ਮੈਂ ਆਪਣੇ ਪੁੱਤ ਨੂੰ ਡੀ.ਸੀ.ਬਣਾਵਾਂ।" ਪਰ ਸ਼ਰਾਬ ਦੇ ਨਸ਼ੇ 'ਚ ਉਸ ਤੋਂ ਚੰਗੀ ਤਰਾਂ ਖੜਿਆ ਵੀ ਨਹੀਂ ਸੀ ਜਾਂਦਾ। ਉਸ ਦੀ ਇਹ ਹਾਲਤ ਵੇਖ ਕੋਲ ਹੀ ਬੈਠੇ ਉਸਦੇ ਪਿਉ ਨੇ ਕਿਹਾ, "ਪੁੱਤ ਹੁਣ ਤਾਂ ਤੂੰ ਖੁਦ ਸ਼ਰਾਬ ਪੀ ਕੇ ਡੀ.ਸੀ ਬਣਿਆ ਏ। ਜੇ ਤੂੰ ਸੁਧਰੇਗਾਂ ਤਾਂ ਹੀ ਬੱਚੇ ਦਾ ਭਵਿੱਖ ਸੁਧਰੇਗਾ।" ਏਨਾ ਕਹਿ ਕੇ ਉਹ ਦੂਜੇ ਕਮਰੇ 'ਚ ਵੜ ਗਿਆ।

-ਵਿਵੇਕ

# ਪਰਖ਼

" ਮਾਂ.................ਤੂੰ ਮੈਨੂੰ ਹਰ ਗੱਲ 'ਤੇ ਟੋਕਦੀ ਕਿਉਂ ਹੈ ?"
"...........ਧੀਏ ਟੋਕਣਾ ਜਰੂਰੀ ਹੈ.........ਭਲਕ ਨੂੰ ਤੂੰ ਸਹੁਰੀ ਵੀ ਜਾਣਾ ਹੈ।"

"...........ਤਾਂ ਕੀ ਹੋਇਆ ?"

"............ਧੀਏ ਸਹੁਰੇ ਘਰ ਜਾਂਦਿਆ ਹੀ ਲੜਕੀ ਦੇ ਚਰਿੱਤਰ ਦੀ ਪਰਖ਼ ਹੋ ਜਾਂਦੀ ਏ।"

"ਪਰ ਮਾਂ ........... ਭਲਾ ਕੋਈ ਆਦਮੀ ਦੇ ਚਰਿੱਤਰ ਦੀ ਵੀ ਪਰਖ਼ ਹੁੰਦੀ ਏ.....।" " ......ਨਹੀਂ .... ਧੀਏ ਨਹੀਂ..ਅਗਰ ਐਸਾ ਹੁੰਦਾ ਤਾਂ ਮਰਦਾਂ ਦੀ ਅੱਖ ਜ਼ਿਆਦਾ ਨੀਵੀਂ ਹੋਣੀ ਸੀ 'ਤੇ ਇਹ ਸਮਾਜ ਮਰਦ ਪਰਧਾਨ ਨਹੀਂ ਬਲਕਿ ਔਰਤ ਪਰਧਾਨ ਹੋਣਾ ਸੀ।"

# ਪ੍ਰਸ਼ਨ ਚਿੰਨ੍ਹ

" ਸੀਬੋ ਲਿਆ ਜਲਦੀ........ਹਾਲੇ ਤੱਕ ਇੱਕ ਆਂਡਾ ਹੀ ਨਹੀਂ ਬਣਿਆ ?"
"ਲਿਆਈ..........ਬਸ .......ਏ......ਆਹ ਲਓ ਅੰਡਾ।"
ਜਾਗਰ ਨੇ ਮੰਜੀ ਥੱਲਿਓ ਬੋਤਲ ਕੱਢੀ ਅਤੇ ਇੱਕ ਪੈੱਗ ਭਰ ਕੇ ਪੀ

ਲਿਆ।
"ਮੈਂ ਕਿਹਾ, ਸਵੇਰੇ ਤੁਹਾਨੂੰ ਪਰਚੀ ਦਿੱਤੀ ਸੀ ?"
"ਪਰਚੀ......ਹਾਂ.......ਆਹ ਫੜ ਪਰਚੀ"
"ਮੈਂ ਪਰਚੀ ਖਾਣੀ ਨਹੀਂ,ਮੈਂ ਪੁਛਦੀ ਆਂ ਕਿ ਜਿਹੜੇ ਸੌਦੇ ਲਿਖੇ ਸੀ ਉਹ ਸੌਦੇ ਕਿੱਥੇ ਨੇ ?"
"ਕਿਹੜੇ ਸੌਦੇ ?............ ਅੱਗ ਲੱਗੀ ਪਈ ਐ ਬਾਜ਼ਾਰ ਵਿੱਚ ਆਹ ਸਹੁਰੀ ਦੇ ਗੰਢੇ ਤੀਹ ਰੁਪਏ ਕਿਲੋ, ਆਲੂ ਦਸ ਰੁਪਏ ਕਿਲੋ, ਸਾਰੇ ਹਲਦੀ ਮਸਾਲਾ ਪਾ ਕੇ ਅੱਸੀ ਰੁਪਏ ਮੰਗਦਾ ਸੀ। ਮੈਂ ਨਹੀਂ ਲਿਆਇਆ ਐਨਾ ਮਹਿੰਗਾ ਸੌਦਾ..........ਰੋਜ਼ ਚੁੱਕ ਕੇ ਪਰਚੀ ਫੜਾ ਦਿੰਦੀ ਹੈ।"
ਸੀਬੋ ਦੇ ਚਿਹਰੇ ਦਾ ਰੰਗ ਬਦਲਿਆ....... ਅਤੇ ਕੜਕਵੀਂ ਆਵਾਜ਼ ਵਿੱਚ ਬੋਲੀ... ਅੱਛਾ! ਤੈਨੂੰ ਘਰ ਦਾ ਸੌਦਾ ਮਹਿੰਗਾ ਲੱਗਦਾ ਏ ਰੱਬ ਦਿਆ ਬੰਦਿਆ"
"ਤੈਨੂੰ ਗੰਢੇ ਮਹਿਗੇ ਲੱਗੇ, ਤੈਨੂੰ ਆਲੂ ਤੇ ਮਿਰਚ ਮਸਾਲੇ ਮਹਿੰਗੇ ਲੱਗੇ।
ਪਰ ਐਹ ਡੂਢ ਸੋ ਦੀ ਬੋਤਲ ਖ਼ਰੀਦ ਹੋ ਗੀ।
ਇਹ ਸੌਦੇ ਤੋਂ ਸਵੱਲੀ ਲੱਗੀ ਤੈਨੂੰ ਹੈਂ ! ਕਦੇ ਸ਼ਾਰਾਬ ਮਹਿੰਗੀ ਨਹੀਂ ਲੱਗੀ ।"
ਜਾਗਰ ਨੂੰ ਕੋਈ ਜਵਾਬ ਹੀ ਨਹੀਂ ਸੀ ਔੜ ਰਿਹਾ। ਸੀਬੋ ਉਸ ਅੱਗੇ ਪ੍ਰਸ਼ਨ ਚਿੰਨ ਬਣੀ ਖੜੀ ਸੀ।

–ਗੁਰਦੀਪ ਸਿੰਘ ਦੀਪ

## ਹਾਅਕ

ਬਾਹਰਲੇ ਬੂਹੇ 'ਤੇ ਬੜੇ ਅਦਬ ਨਾਲ ਦਸਤਕ ਹੋਈ ਤਾਂ ਆਦਰ ਸਹਿਤ ਆਵਾਜ਼ ਆਈ, ਰਤਨ ਸਿੰਘ ਘਰੇ ਈ ਐਂ ।ਅੱਗੇ ਉਸ ਨੇ ਵੀ ਫ਼ਖ਼ਰ ਨਾਲ ਧੌਣ ਉੱਚੀ ਕਰਕੇ ਦੇਖਿਆ ਕਿ ਪਿੰਡ ਦੇ ਪਤਵੰਤੇ ਟੋਲਾ ਬੰਨ੍ਹੀ ਬੂਹੇ ਮੋਹਰੇ ਖੜ੍ਹੇ ਸਨ।

ਪਹਿਲਾਂ ਟੋਲੇ ਵਿੱਚੋਂ ਕਿਸੇ ਨੇ ਅਪਣੱਤ ਪਰਗਟਾਉਂਦਿਆ ਉਸ ਦੀ ਘਰਵਾਲੀ ਦਾ ਹਾਲ ਪੁੱਛਿਆ ਜੋ ਚਿਰਾਂ ਤੋਂ ਬਿਮਾਰ ਪਈ ਸੀ। ਫਿਰ ਦੋ ਤਿੰਨ ਰਲਵੀਆਂ ਅਵਾਜਾਂ ਆਈਆਂ।

"ਛੋਟੇ ਭਾਈ ਖ਼ਿਆਲ ਰੱਖੀ, ਮੋਹਰ ਛੱਤਰੀ 'ਤੇ ਲਾਉਣੀ ਐਂ।" ਰਤਨ ਨੇ ਜਵਾਬ ਵਿੱਚ ਹੱਥ ਜੋੜਨ ਦੀ ਕੋਸ਼ਿਸ਼ 'ਤੇ ਬੋਲਿਆ " ਜ਼ਰੂਰ ਜੀ ਲਾਵਾਂਗੇ।"

ਅੱਜ ਸਵੇਰੇ ਵੀਹੀਂ ਦੇ ਮੋੜ ਤੋਂ ਸ਼ਾਇਦ ਉਹਨਾਂ ਦੀਆਂ ਹੀ ਵੋਟਾਂ ਨਾਲ ਜਿੱਤਣ ਵਾਲੇ ਦੀ ਜਾਣੀ-ਪਹਿਚਾਣੀ ਖਰਬੀ 'ਤੇ ਗੁਸੈਲੀ ਹਾਅਕ ਰਤਨ ਦੇ ਸੀਨੇ ਬਰਛੇ ਵਾਂਗ ਲੱਗੀ।

"ਉ ਰਤਨਿਆਂ। ਦਿਹਾੜੀ ਚਲਣੈ ਕਿ ਅਜੇ ਤੀਵੀਂ ਦੇ ਸਰਾਣੇ ਹੀ ਬਹਿ ਰਹਣੈਂ ?" ਅਜੇ ਪੰਚਾਇਤੀ ਚੋਣਾਂ ਨੂੰ ਕੁਝ ਹੀ ਦਿਨ ਲੰਘੇ ਸਨ।

## ਖ਼ੂਨ ਦਾ ਰਿਸ਼ਤਾ

ਅੱਜ ਸੱਤਵੇਂ ਦਿਨ ਵੀ ਬਾਪੂ ਦਾ ਬੁਖ਼ਾਰ ਨਾ ਟੁੱਟਿਆ, ਦੇਖ ਪੁੱਤ ਵਲੋਂ ਉਸਨੂੰ ਸ਼ਹਿਰ ਲਿਜਾਣ ਦਾ ਕੱਢਿਆ ਹੌਂਸਲਾ ਪਤਨੀ ਦੀ

ਭੱਬਕੀ ਅੱਗੇ ਛੇਤੀ ਦਮ ਤੋੜ ਗਿਆ ਸੀ। ਪਤੀ ਨੂੰ ਮੁਖ਼ਾਤਬ ਹੋ ਬੋਲੀ, "ਡਾਕਟਰਾਂ ਦੇ ਮੂੰਹ ਭਰਨੇ ਕਿਹੜੇ ਸੌਖੇ ਐ, ਐਵੇਂ ਹਸਪਤਾਲਾਂ ਵਿੱਚ ਕਿਉਂ ਮਿੱਟੀ ਰੋਲਣੀ ਐ, ਘਰ ਈ ਸੇਵਾ ਕਰੀ ਜਾਊ ਜਿਹੜੀ.........।
"ਜੋ ਹੋਣਾ ਉਹ ਤਾਂ ਦਿਸਦਾ ਈ ਐ ਨਾਲੇ ਫੇਰ ਕਿਹੜਾ ਐਂਵੇਂ ਸਰਜੂ ?

ਕੁੜਮਾਂਚਾਰੀ ਕੱਠੀ ਹੋਣੀ ਐ। ਕੁੜੀਆਂ ਨੇ ਸਾਰੀ ਉਮਰ ਸ਼ਰੀਕਾ 'ਚ ਕੱਟਣੀ ਐ। ਕੁਛ ਤਾਂ ਕਰਨਾ ਪਊ।"

ਬੇਬਸ ਹੋਇਆ ਬਾਪੂ ਸਰਕਾਰੀ ਹਸਪਤਾਲ ਦੀਆਂ ਗੋਲੀਆਂ ਫੱਕਦਾ ਇੱਕ ਦਿਨ ਜਹਾਨੋਂ ਤੁਰ ਗਿਆ। ਬੇ-ਇਲਾਜ ਮਰੇ ਸੁਹਰੇ ਲਈ ਚਰਨੋਂ ਨੇ ਬੜੇ ਸੱਚੇ-ਝੂਠੇ ਕੀਰਨੇ ਪਾ ਦੁਹੱਥੜੀਆਂ ਮਾਰੀਆਂ। ਬਾਪੂ ਦੀ ਦੇਹ ਨੂੰ ਸ਼ਾਲ 'ਚ ਲਪੇਟ ਕੇ, ਦੁੱਧ ਚਿੱਟੀ ਪਗੜੀ ਬੰਨ੍ਹ ਅਰਥੀ 'ਤੇ ਰੱਖਿਆ ਸੀ। ਉਸ ਉੱਪਰ ਝੰਡੀਆਂ 'ਤੇ ਗੁਬਾਰੇ ਟੰਗੇ ਗਏ। ਬਾਪੂ ਦੇ ਪੈਰਾਂ ਵੱਲ ਨੋਟਾਂ ਦਾ ਮੱਥਾ ਟੇਕਿਆ ਗਿਆ। ਮੂੰਹ ਵਿੱਚ ਪੰਜ ਰਤਨਾਂ ਪਾ ਦੇਸੀ ਘਿਉ ਨਾਲ ਭਰ ਦਿੱਤਾ।

ਜਿਨ੍ਹਾਂ ਲੋੜਾ-ਥੋੜਾ ਅਤੇ ਸੁੱਖ ਸਾਧਨਾਂ ਲਈ ਉਹ ਸਾਰੀ ਉਮਰ ਝੂਰਦਾ ਰਿਹਾ, ਭਟਕਦਾ ਰਿਹਾ, ਤੜਫ-ਤੜਫ ਦਮ ਤੋੜ ਗਿਆ ਸੀ, ਉਹ ਸਭ ਕੁਝ ਸਮਾਜ ਦੀ ਫੋਕੀ ਸ਼ਾਨੋ-ਸ਼ੌਕਤ ਵਾਸਤੇ ਕਰਜ਼ਾ ਚੱਕ ਬੁੱਢੇ ਦੇ ਮੱਟੀ ਹੋਏ ਸ਼ਰੀਰ ਲਈ ਬੇਲੋੜੇ ਮੌਜੂਦ ਸਨ।

ਬਾਪੂ ਦੇ ਕ੍ਰਿਆ-ਕਰਮ ਨੂੰ ਅਜੇ ਬਹੁਤੇ ਦਿਨ ਨਹੀਂ ਸੀ ਲੰਘੇ, ਚਰਨੋਂ ਭਰਜਾਈਆਂ ਨੂੰ ਤਾਹਨੇ ਮਿਹਣੇ ਮਾਰ ਕੇ, ਲੰਬੇ ਸਮੇਂ ਤੋਂ ਬਿਮਾਰ ਪਈ ਮਾਂ ਨੂੰ ਪਿੰਡ ਲੈ ਆਈ।

**ਬਲਰਾਜ ਕੁਹਾੜਾ**

## ਅਹਿਸਾਸ

ਅੱਜ ਵੀ ਉਹ ਰੋਜ਼ਾਨਾ ਦੀ ਤਰ੍ਹਾਂ ਸ਼ਰਾਬ ਪੀ ਕੇ ਘਰ ਆਇਆ ਤੇ ਬਿਨ੍ਹਾਂ ਕੁਝ ਸੋਚੇ ਸਮਝੇ ਆਪਣੀ ਪਤਨੀ ਨੂੰ ਹਮੇਸ਼ਾ ਦੀ ਤਰ੍ਹਾਂ ਕੁਟਣ ਲੱਗ ਪਿਆ। ਪਰ ਅੱਜ ਉਸ ਦੀ ਪਤਨੀ ਚੰਡੀ ਦਾ ਰੂਪ ਧਾਰਨ ਕਰ ਗਈ 'ਤੇ ਉਸਦੇ ਗੱਲ ਪੈ ਗਈ।

ਦੂਜੇ ਦਿਨ ਸ਼ਾਮ ਨੂੰ ਬਿਨਾਂ ਪੀਤੇ ਘਰ ਆਇਆ 'ਤੇ ਉਸਦੀ ਪਤਨੀ ਨੇ ਉਸਨੂੰ ਬੜੇ ਪਿਆਰ ਨਾਲ ਮੰਜਾ ਡਾਹ ਕੇ ਦਿੱਤਾ 'ਤੇ ਰੋਟੀ ਖਾਣ ਬਾਰੇ ਪੁੱਛਿਆ। ਇਹ ਸਭ ਵੇਖਕੇ ਉਹ ਸੋਚਣ ਲੱਗ ਪਿਆ ਜਿਵੇਂ ਉਸਨੂੰ ਇਹ 'ਅਹਿਸਾਸ' ਹੋ ਗਿਆ ਹੋਵੇ ਕਿ ਔਰਤ ਆਦਮੀ 'ਤੇ ਹੱਥ ਉਦੋਂ ਹੀ ਚੁੱਕਦੀ ਹੈ ਜਦੋਂ ਪਾਣੀ ਸਿਰ ਤੋਂ ਲੰਘ ਜਾਂਦਾ ਹੈ।

## ਕੀਮਤ

ਰਮੇਸ਼ ਨੇ ਵਿਦੇਸ਼ੋਂ ਆ ਕੇ ਕਈ ਕੁੜੀਆਂ ਵੇਖੀਆਂ ਪਰ ਉਸਨੂੰ ਕੋਈ ਵੀ ਪਸੰਦ ਨਾ ਆਈ। ਆਖ਼ਰ ਉਹਨਾਂ ਨੇ ਅਖ਼ਬਾਰ ਵਿੱਚ ਇਸ਼ਤਿਹਾਰ ਦੇ ਦਿੱਤਾ, ਜਿਸਨੂੰ ਪੜ੍ਹਕੇ ਇਕ ਆਦਮੀ ਆਪਣੀ ਧੀ ਦੀ ਤਸਵੀਰ ਲੈ ਕੇ ਆਇਆ। ਦੇਖ-ਦਿਖਾਵੇ ਤੋਂ ਬਾਦ ਵਿਆਹ ਦੀ ਗੱਲ ਪੱਕੀ ਕਰਨ ਸਮੇਂ ਰਮੇਸ਼ ਦੀ ਮਾਂ ਨੇ ਇਕ ਲੰਬੀ ਲਿਸਟ ਆਪਣੇ ਕੁੜਮ ਦੇ ਹੱਥ ਇਕ ਲੰਮੀ ਲਿਸਟ ਫੜ ਦਿੱਤੀ। ਉਸਨੇ ਲਿਸਟ ਪੜ੍ਹਕੇ ਵਾਪਸ ਕਰਦੇ ਹੋਏ ਕਿਹਾ, "ਭੈਣ ਜੀ ਤੁਹਾਡੇ ਲੜਕੇ ਦੀ ਕੀਮਤ ਬਹੁਤ ਜ਼ਿਆਦਾ ਹੈ 'ਤੇ ਮੈਂ ਆਪਣੀ ਲੜਕੀ ਲਈ ਇਸਨੂੰ ਨਹੀਂ ਖ਼ਰੀਦ ਸਕਦਾ। ਮੈਨੂੰ ਮੁਆਫ਼ ਕਰਨਾ, ਮੈਂ ਤਹਾਨੂੰ ਆਪਣੇ ਘਰ ਸੱਦਿਆ 'ਤੇ ਤੁਹਾਡਾ ਸਮਾਂ ਖ਼ਰਾਬ ਕੀਤਾ।" ਇਹ ਸਭ ਕੁਝ ਸੁਣਕੇ ਰਮੇਸ਼ ਨੂੰ ਇੰਝ ਲੱਗਾ ਜਿਵੇਂ ਕਿਸੇ ਜਾਨਵਰ ਦੀ ਬੋਲੀ ਲੱਗ ਰਹੀ ਹੋਵੇ ਪਰ ਕੀਮਤ ਜ਼ਿਆਦਾ ਹੋਣ ਕਰਕੇ ਗਾਹਕ ਛੱਡ ਕੇ ਚਲੇ ਗਏ ਹੋਣ।

ਰਿੰਪਲ 'ਕਰੜਾ'

## ਗ਼ਰੀਬੀ ਦਾ ਮਜ਼ਾਕ

ਖੂਬ ਸੋਹਣੇ ਸਜਾਏ ਬੋਏ ਪੰਡਾਲ ਵਿੱਚ ਮੰਤਰੀ ਜੀ ਭਾਸ਼ਣ ਦੇ ਰਹੇ ਸਨ। ਉਹ ਉੱਚੀ-ਉੱਚੀ ਜੋਰ ਲਗਾ ਕੇ ਕਹਿ ਰਹੇ ਸਨ,

"ਅਸੀਂ ਤੁਹਾਡੀ ਬਸਤੀ ਵਿੱਚ ਸਕੂਲ, ਹਸਪਤਾਲ, ਡਾਕਘਰ ਤੇ ਵਧੀਆਂ ਖੇਡਾਂ ਦਾ ਮੈਦਾਨ ਬਣਾ ਦੇਵਾਂਗੇ ਤਾਂ ਕਿ ਤੁਸੀਂ ਵੀ ਸ਼ਹਿਰਾਂ ਵਾਲੀਆਂ ਸਹੂਲਤਾਂ ਲੈ ਸਕੋ। ਇੱਕ ਵਾਰੀ ਸਰਕਾਰ ਬਣ ਲੈਣ ਦਿਓ। ਅਸੀਂ ਇੱਥੋਂ ਗ਼ਰੀਬੀ ਦਾ ਨਾਮੋ-ਨਿਸ਼ਾਨ ਮਿਟਾ ਦਿਆਂਗੇ। ਇਸ ਲਈ ਸਾਨੂੰ ਆਪਣਾ ਕੀਮਤੀ ਵੋਟ ਦਿਉ। ਅਸੀਂ ਗਰੀਬਾਂ ਦੇ ਹੀ ਸੇਵਕ ਹਾਂ..........।"

ਲੋਕ ਖੁਸ਼ ਹੋਏ ਜਿੰਦਾਬਾਦ-ਜਿੰਦਾਬਾਦ ਦੇ ਨਾਅਰੇ ਮਾਰਨ ਲੱਗੇ। ਪਰ ਨਾਲ ਨਾਲ ਹੀ ਇਕ ਗਰੀਬ ਔਰਤ ਦੇ ਕੁੱਛੜ ਚੁੱਕਿਆ ਬੱਚਾ ਬੱਚਾ ਇਹ ਰੌਲਾ ਹਿਾ ਸੁਣ ਕੇ ਰੋਣ ਲੱਗ ਪਿਆ। ਔਰਤ ਉਸਨੂੰ ਚੁਪ ਕਰਾ ਰਹੀ ਸੀ ਪਰ ਉਹ ਸ਼ਾਇਦ ਭੁੱਖ ਨਾਲ ਵਿਲਕ ਰਿਹਾ ਸੀ। ਸ਼ਾਇਦ ਇਸੇ ਲਈ ਕਿ ਉਹ ਬੱਚਾ ਸੀ। ਉਹ ਇਸ ਗ਼ਰੀਬੀ ਦੇ ਮਜ਼ਾਕ ਉਡਾਉਣ ਵਾਲਿਆਂ ਦੀ ਮਹਿਫ਼ਲ ਵਿੱਚ ਸ਼ਾਮਿਲ ਨਹੀਂ ਹੋ ਸਕਦਾ ਸੀ। ਉਹ ਬਾਕੀਆਂ ਵਾਂਗ ਰੌਲੇ-ਰੱਪੇ ਵਿੱਚ ਆਪਣੀ ਭੁੱਖ ਨੂੰ ਬੇਵਕੂਫ਼ ਨਹੀਂ ਸੀ ਬਣਾ ਸਕਦਾ।

## ਫ਼ਰਕ

ਅੱਜ ਵਾਲੀ ਗੱਲ ਨੂੰ ਲੈ ਕੇ ਹੈਪੀ ਆਪਣੇ ਕਮਰੇ ਵਿੱਚ ਬੈਠਾ ਇਕੱਲਾ ਸੋਚ ਰਿਹਾ ਸੀ 'ਤੇ ਉਸਦੀ ਨਿਗਾਹ ਸੋਭਾ ਸਿੰਘ ਦੀ ਬਣਾਣੀ ਸੋਹਣੀ ਮਹੀਵਾਲ ਦੀ ਤਸਵੀਰ 'ਤੇ ਗਈ ਨਾਲ ਹੀ ਉਹਨਾਂ ਦੀ ਪ੍ਰੇਮ ਕਹਾਣੀ ਵੀ ਦਿਮਾਗ਼ ਵਿੱਚ ਘੁੰਮਣ ਲੱਗੀ। ਕਿੱਥੇ ਉਹ ਸੱਚਾ ਪ੍ਰੇਮ ਕਰਨ ਵਾਲੇ ਸੀ, ਮਹਿਬੂਬ ਨੂੰ ਮਿਲਣ ਲਈ ਕੱਚੇ ਘੜੇ 'ਤੇ ਤਰਦੇ ਸਨ ਸ਼ੂਕਦੇ ਦਰਿਆ ਵੀ ਉਹਨਾਂ ਦਾ ਰਾਹ ਨਹੀਂ ਰੋਕ ਸਕਦੇ 'ਤੇ ਰਾਤਾਂ ਦਾ ਉਹਨਾਂ

ਨੂੰ ਪਤਾ ਹੀ ਨਹੀਂ ਸੀ ਕਿ ਰਾਤਾਂ ਅਰਾਮ ਕਰਨ ਲਈ ਹਨ। ਉਹਨਾਂ ਦਾ ਚੈਨ ਤਾਂ ਸੱਜਣ ਪਿਆਰਾ ਹੁੰਦਾ ਸੀ।

ਨੀਤੂ ਚੰਗੇ ਘਰ ਦੀ ਲੜਕੀ ਸੀ। ਨੀਤੂ ਤੇ ਹੈਪੀ ਵੀ ਪ੍ਰੇਮ ਕਰਦੇ ਸਨ। ਹੈਪੀ ਨੇ ਨੀਤੂ ਨੂੰ ਮਿਲਣ ਲਈ ਫੋਨ ਕੀਤਾ ਤਾਂ ਉਹ ਅਗਲੇ ਦਿਨ ਮਿਲਣ ਲਈ ਤਿਆਰ ਸੀ।

ਫੋਨ ਦੀ ਘੰਟੀ ਵੱਜੀ ਰਸੀਵਰ ਹੈਪੀ ਨੇ ਚੁੱਕਿਆ, "ਹੈਲੋ ਹੈਲੋ ਮਾਈ ਡੀਅਰ ਹਾਓ ਆਰ ਯੂ। ਹੈਪੀ ਸੰਨੀ (ਵਹੀਕਲ) ਮੇਰੀ ਵੱਡੀ ਭੈਣ ਲੈ ਗਈ 'ਤੇ ਸਕੂਟਰ ਮੇਰਾ ਬਰਦਰ ਲੈ ਗਿਆ, ਕਾਰ ਵਿੱਚ ਪਾਪਾ ਜਾ ਰਹੇ ਹਨ, ਮੈਂ ਨਹੀਂ ਆ ਸਕਦੀ।" ਬੱਸ ਵਿੱਚ ਆ ਜਾਵੀਂ।" ਨਾ ਬਾਬਾ ਨਾ, ਬੱਸ ਵਿੱਚ ਤਾਂ ਮੈਨੂੰ ਸਫ਼ਰ ਕਰਨਾ ਬਿਲਕੁਲ ਪਸੰਦ ਨਹੀਂ। ਐਂਵੀਂ ਉਡੀਕੀ ਜਾਓ 'ਤੇ ਕਈ ਵਾਰੀ ਰਾਸਤੇ ਵਿੱਚ ਹੀ ਖ਼ਰਾਬ ਹੋ ਜਾਂਦੀਆਂ ਨੇ, 'ਹਾਂ' ਮੈਂ ਫਿਰ ਮਿਲਣ ਲਈ ਟਾਈਮ ਦਸਾਂਗੀ। ਕਹਿ ਕੇ ਫੋਨ ਰੱਖ ਦਿੱਤਾ।

ਹੈਪੀ ਹੁਣ ਪ੍ਰੇਮ ਵਿੱਚ ਤੇ ਸੋਹਣੀ-ਮਹੀਂਵਾਲ ਦੇ ਪ੍ਰੇਮ ਵਿੱਚ ਫ਼ਰਕ ਲੱਭਣ ਦੀ ਕੋਸ਼ਿਸ਼ ਵਿੱਚ ਸੀ।

-ਜਸਬੀਰ ਦੋਲੀਕਿਆਂ ਵਾਲਾ

## ਭੂਰ ਚੂਰ

"ਮੋਨਾ ਦੇ ਭਾਈਆ ਗੱਲ ਸੁਣ ਲੈ ਮੈਂ ਤੋਹਫਿਆ ਵਾਲਿਆ ਨੂੰ ਮਨਾਂ ਕਰ ਦੇਣੈ......ਬਈ ਅੱਜ ਤੋਂ ਸੋਂਹ ਹੀ ਖਾਲੀ ਅਸੀਂ ਨੀ ਕਿਸੇ ਦੇ ਘਰ ਦਾ ਖਾਣਾ....ਰਾਮ ਰੁੱਖੀ ਮਿੱਸੀ ਦੇਵੇ....ਸ਼ੁਕਰ ਕਰ ਲਾਂਗੇ।" ਓ.....ਹੋ.....ਮੈਂ ਕਿਹਾ ਗੱਲ ਕੀ ਏ....ਘਾਬਰੀ ਕਿਉਂ ਏ ਸ਼ੁਕੰਤਲਾ ? ਮੋਨਾ ਦੇ ਭਾਈਏ ਨੇ ਸੋਫੇ 'ਤੇ ਬੈਠਦਿਆਂ ਹੈਰਾਨ ਹੁੰਦਿਆ ਕਿਹਾ।

"ਥੋਨੂੰ ਨੀਂ ਪਤਾ ?......ਅਖ਼ਬਾਰ 'ਚ ਰੋਜ਼ ਪੜ੍ਹੀਦਾ ਕਿ ਫਲਾਣਾ ਕਲਰਕ ਸਸਪੈਂਡ....ਫਲਾਣੇ 'ਤੇ ਕੇਸ ਦਰਜ਼.........ਮੇਰਾ ਤਾਂ ਚਿੱਤ ਘਾਊ-ਮਾਊ ਹੁੰਦਾ ਤੁਸੀਂ ਵੀ ਸੋਂਹ ਖਾਲੋਂ ਬਈ ਕੁਛ ਨੀਂ ਲੈਣਾ।" "ਗੱਲ ਸੁਣ ਤੂੰ, ਤੂੰ ਕਿੱਤੇ ਇੰਝ ਸੁਣਿਆ ਪੰਜਾਹ ਹਜ਼ਾਰ , ਲੱਖ ਰਿਸ਼ਵਤ ਲੈਂਦਾ ਫੜ੍ਹਿਆ । ਤੂੰ ਹਜ਼ਾਰ ਪੰਜ ਸੋ ਤੱਕ ਹੀ ਪੜ੍ਹਿਆ ਏ ਨਾ ਉਹ ਬੇਫਕੂਫ 'ਕੱਲੇ ਖਾਂਦੇ ਨੇ ਆਪਣੇ ਤਾਂ ਆਹ, ਬੈਡ, ਟੀ.ਵੀ., ਸਕੂਟਰ, ਫਰਿਜ਼ ਭੂਰ ਚੂਰ ਹੀ ਨੇ, ਵੱਡਿਆ ਦੀਆਂ ਬਖਸ਼ਿਸ਼ਾਂ" ਮੋਨਾ ਦੇ ਭਾਈਏ ਦੀ ਗੱਲ ਸੁਣ ਕੇ ਸ਼ੁਕੰਤਲਾ ਦੇ ਮਾਯੂਸ ਚਿਹਰੇ 'ਤੇ ਰੌਮਕ ਆ ਗਈ।

## ਸੱਟ

"ਕੀ ਹੋਇਆ, ਕੀ ਹੋਇਆ ?"......ਬੱਸ ਵਿੱਚ ਰੌਲਾ ਪੈ ਗਿਆ। ਬੱਸ ਇੱਟਾਂ ਨਾਲ ਭਰੇ ਰੇਹੜੇ ਵਿੱਚ ਵੱਜੀ ਸੀ। ਸਵਾਰੀਆਂ ਉੱਤਰ ਕੇ ਜ਼ਖ਼ਮੀ ਹੋਏ ਬੰਦਿਆਂ ਨੂੰ ਸੰਭਾਲਣ ਲੱਗ ਪਈਆਂ, ਰੇਹੜੇ ਥੱਲਿਓਂ ਖੱਚਰ ਕੱਢਿਆ ।

ਜ਼ਖਮੀਆਂ ਦੇ ਮਾਮੂਲੀ ਸੱਟਾਂ ਹੀ ਲੱਗੀਆਂ ਸਨ। ਰੇਹੜੇ ਵਾਲਾ ਪਰ੍ਹੇ ਖੜਾ ਰੋ ਰਿਹਾ ਸੀ। ਕੁਝ ਬੰਦੇ ਪੁੱਛਣ ਲੱਗੇ "ਬਈ ਤੇਰੇ ਕਿੱਥੇ ਸੱਟ ਵੱਜੀ......ਦੀਂਹਦੀ ਤਾਂ ਕਿਤੇ ਨਹੀਂ।"

" ਨਹੀਂ ਸੱਟ ਤਾਂ ਨੀਂ ਵੱਜੀ" ਕਹਿ ਕੇ ਉਹ ਫਿਰ ਰੋਣ ਲੱਗ ਪਿਆ "ਸਾਲਿਆ ਫਿਰ ਰੋਂਦਾ ਕਿਉਂ ਏ।" ਇੱਕ ਜੱਟ ਨੇ ਗੁੱਸੇ 'ਚ ਕਿਹਾ। ਰੇਹੜੇ ਦੀ ਟੁੱਟੀ ਬਾਹੀ ਨੂੰ ਹੱਥ ਲਾਕੇ ਉਹ ਰੇਹੜੇ ਵਾਲਾ ਉੱਚੀ-ਉੱਚੀ ਰੋਣ ਲੱਗ ਪਿਆ।

-ਡਾ. ਰਾਜਵਿੰਦਰ ਰੌਂਤਾ

## ਔਰਤ

ਮੈਂ ਘਰ ਵਿਚ ਬੈਠਾ ਚਾਹ ਪੀ ਰਿਹਾ ਸੀ 'ਤੇ ਟੀ.ਵੀ ਚੱਲ ਰਿਹਾ ਸੀ ।"ਹੁਣ ਤੁਸੀਂ ਪ੍ਰੋਗਰਾਮ ਦੇਖੋਗੇ
ਜਿਸ ਵਿਚ ਅੱਜ ਦੀ ਗੱਲਬਾਤ ਦਾ ਵਿਸ਼ਾ ਹੈ, ਔਰਤ ਦਾ ਸਮਾਜ ਵਿੱਚ ਸਹੀ ਸਥਾਨ ਕੀ ਹੋਣਾ ਚਾਹੀਦਾ ਹੈ ਅਤੇ ਉਸ ਨੂੰ ਸਮਾਜ ਵਿਚ ਸਹੀ ਸਥਾਨ ਕਿਸ ਤਰ੍ਹਾਂ ਮਿਲ ਸਕਦਾ।" ਮੇਰੀ ਮੰਮੀ ਨੇ ਸਬਜ਼ੀ ਬਣਾ ਰਹੀ ਮੇਰੀ ਛੋਟੀ ਭੈਣ ਨੂੰ ਕਿਹਾ, " ਜਾਹ ਧੀਏ ਟੀ.ਵੀ. ਬੰਦ ਕਰਦੇ ਨਹੀਂ ਤਾਂ ਕੋਈ ਹੋਰ ਸਟੇਸਨ ਲਾ ਦੇ............।"

## ਫ਼ਰਕ

"ਬੱਚਿਓ ਕੌਣ ਦੱਸੇਗਾ ਕਿ ਪਹਿਲਾਂ ਨਾਲੋਂ ਔਰਤ ਦੀ ਦਸ਼ਾ ਵਿੱਚ ਹੁਣ ਕੀ ਫ਼ਰਕ ਹੈ ?" ਮੈਡਮ ਨੇ ਕਲਾਸ ਵਿੱਚ ਵਿਦਿਆਰਥੀਆਂ ਨੂੰ ਪੁੱਛਿਆ।

"ਮੈਡਮ ਜੀ ਮੈਂ ਦੱਸਦਾਂ" ਇਕ ਵਿਦਿਆਰਥੀ ਨੂੰ ਬੋਲਿਆ।

"ਸ਼ਾਬਾਸ !! ਦਸੋ ?"

"ਮੈਡਮ ਜੀ ! ਫ਼ਰਕ ਬੱਸ ਇੰਨ੍ਹਾ ਹੈ ਕਿ ਪਹਿਲਾਂ ਔਰਤ ਨੂੰ ਜੰਮਦੀ ਨੂੰ ਮਾਰ ਦਿੱਤਾ ਜਾਦਾਂ ਸੀ ਅੱਜਕਲ ਜੰਮਣ ਤੋਂ ਪਹਿਲਾ ਹੀ ਮਾਰ ਦਿੱਤਾ ਜਾਂਦਾ ਹੈ।"

ਵਿਦਿਆਰਥੀ ਬੋਲਿਆ

ਮੈਡਮ ਵਿਦਿਆਰਥੀ ਦਾ ਉੱਤਰ ਸੁਣ ਕੇ ਸੋਚਾਂ ਵਿਚ ਪੈ ਗਈ।

-ਸਰਬਜੀਤ ਸਿੰਘ ਦਰਦੀ

# ਲੋਕ -ਸੇਵਾ

ਪਿੰਡ ਦੇ ਬਸ ਸਟੈਂਡ 'ਤੇ ਵੱਡ-ਆਕਾਰੀ ਬੋਰਡ ਜਿਸ 'ਤੇ ਲਿਖਿਆ ਸੀ। "ਪੰਜਾਬ ਪੁਲਿਸ-ਲੋਕਾਂ ਦੀ ਸੇਵਾ ਵਿੱਚ" ਦੇ ਪਾਸ ਖੜ੍ਹਾ ਪੁਲਿਸ ਦਾ ਸਿਪਾਹੀ ਮੁੱਛਾਂ ਨੂੰ ਤਾਅ ਦੇ ਰਿਹਾ ਸੀ।

ਤੇਜ਼ ਗਤੀ ਨਾਲ ਜਾ ਰਹੇ ਇੱਕ ਸਕੂਟਰ ਨੂੰ ਜਿਸ ਤੇ ਨਵ-ਵਿਆਹਹੁਤਾ ਜੋੜਾ ਸਵਾਰ ਸੀ, ਰੋਕਦੇ ਹੋਏ ਸਿਪਾਹੀ ਬੁੜਕਿਆ "ਕਿੱਧਰ ਦੱਬਿਆ ਓਏ ? ਪੁਲਿਸ ਦਾ ਨਾਕਾ ਨਹੀਂ ਦਿਸਦਾ, ਮੁਫ਼ਤ ਦਾ ਟੱਕਰਿਆ ਲੱਗਦਾ। ਸਾਡਾ ਹਿੱਸਾ-ਪੱਤੀ ਤੇਰਾ ਬਾਪ ਦੇਊ, ਕੱਢ ਦਿਖਾ ਕਾਗਜ਼।"

"ਆਹ ਲਓ ਮਾਲਕੋ।" ਲੜਕਾ ਨਿੰਮੋਝੂਣਾ ਹੋਇਆ ਖੜ੍ਹਾ ਸੀ।

"ਓਏ ਇਹ ਤਾਂ ਪੂਰੇ ਨ੍ਹੀਂ।" ਸਿਪਾਹੀ ਬੁੜਕਿਆ, "ਜੀ ਪੂਰੇ ਨੇ ।"

"ਐ ਕਿਵੇਂ ਪੂਰੇ ਨੇ, ਲਾ ਦੇ ਸਕੂਟਰ ਇੱਕ ਪਾਸੇ।" "ਸਿਪਾਹੀ ਨੇ ਹੁਕਮ ਸੁਣਾਇਆਂ।" ਲੜਕੇ ਨੇ ਖਹਿੜਾ ਛੁੜਾਉਣ ਲਈ ਵੀਹ ਦਾ ਨੋਟ ਸਿਪਾਹੀ ਦੇ ਹੱਥ ਵਿੱਚ ਥੰਮ੍ਹਾ ਦਿੱਤਾ।

"ਹਾਂ.......ਹਾਂ......ਤਕਰੀਬਨ ਪੂਰੇ ਹੀ ਨੇ, ਜਾਹ ਲੈ ਜਾ ਸਕੂਟਰ।" ਕਹਿੰਦਾ ਸਿਪਾਹੀ ਠੇਕੇ ਵੱਲ ਤੁਰ ਪਿਆ।

# ਕਹਿਣੀ-ਕਰਨੀ

ਪ੍ਰੋ. ਸ਼ਰਮਾ ਕਾਲਿਜ ਵਿੱਚ ਕਹਿਣੀ 'ਤੇ ਕਰਨੀ ਦੇ ਧਨੀ ਜਾਣੇ ਜਾਂਦੇ ਪ੍ਰੋਫ਼ੈਸਰ ਸਨ। ਵਿਦਿਆਰਥੀ ਵਿੱਚ ਬੜੀ ਭੱਲ ਸੀ ਉਹਨਾਂ ਦੀ। ਉਹਨਾਂ ਸੱਚ ਦੀ ਖੋਜ ਵਿਸ਼ੇ 'ਤੇ ਪੀ.ਐਚ.ਡੀ ਦਾ ਥੀਸਿਸ ਵੀ ਲਿਖਿਆ ਸੀ।

ਉਹ ਅਕਸਰ ਇਤਿਹਾਸਕ ਹਵਾਲਿਆ, ਧਾਰਮਿਕ ਟੂਕਾਂ ’ਤੇ ਮਿਥਿਹਾਸਿਕ ਉਦਾਹਰਨਾਂ ਨਾਲ ਵਿਦਿਆਰਥੀਆਂ ਨੂੰ ਸੱਚ ਬੋਲਣ ’ਤੇ ਇਮਾਨਦਾਰੀ ਦੇ ਰਸਤੇ ’ਤੇ ਚੱਸਣ ਦੀ ਪ੍ਰੇਰਣਾ ਦਿੰਦੇ। ਅੱਜ ਉਹ ਬੀ.ਏ. ਭਾਗ ਪਹਿਲਾਂ ਦੀ ਕਲਾਸ ਨੂੰ ਪੜ੍ਹਾਉਣ ਉਪਰੰਤ ਕਾਲਜ ਦੇ ਸਕੂਟਰ ਸਟੈਂਡ ਵੱਲ ਜਾਂਦੇ ਤੇਜ਼ੀ ਨਾਲ ਉਹਨਾਂ ਦੇ ਕਦਮ ਸਕੂਟਰ ਵੱਲ ਵੱਧ ਰਹੇ ਸਨ। ਸ਼ਾਇਦ ਉਹਨਾਂ ਕੱਲ ਹੋਣ ਵਾਲੀ ਆਪਣੇ ਪੁੱਤਰ ਦੀ ਈ.ਟੀ.ਟੀ.ਦੀ ਪ੍ਰੀਖਿਆ ਲਈ ਸੁਪਰਡੈਂਟ ’ਤੇ ਬਾਕੀ ਅਮਲੇ ਨੂੰ ਮਿਲਨ ਅਤੇ ਸੇਵਾ-ਪਾਣੀ ਲਈ ਜਾਣਾ ਸੀ।

-ਮਾਸਟਰ ਬਲਬੀਰ ਚੰਦ

# ਹਕੀਕਤ

"ਆਹ ਸਾਲਿਆ ਫੱਟੀ ਉਈਂ ਸਲਾਭੀ ਪਈ ਆ, ਮਾਂ ਆਪਣੀ ਨੂੰ ਸੁਕਾ ਤਾਂ ਲੈਣਾ ਸੀ।" ਮੁੰਡੇ ਦੀ ਫੱਟੀ 'ਤੇ ਪੈਨਸਲ ਨਾਲ ਠੀਕਾ ਮਾਰਦਾ ਮਾਸਟਰ ਬੋਲਿਆ।

"ਮਾਸਟਰ ਜੀ, ਕਈ ਦਿਨ ਹੋਗੇ ਮੀਂਹ ਪੈਂਦਾ ਆ, ਐਸੇ ਲਈ.......।" ਮੁੰਡਾ ਹੁੱਬਕਦਾ ਹੋਇਆ ਬੋਲਿਆ।

"ਨਾ ਸਾਲਿਆ ਮੀਂਹ ਥੋਡੇ ਕੱਲਿਆ ਦੇ ਪੈਂਦਾਂ ਆ, ਹੋਰਨਾਂ ਦੇ ਨੀਂ, ਸਾਡੇ ਨੀ.....।" ਮਾਸਟਰ ਆਪਣੀਆਂ ਚੋਪੜੀਆਂ ਮੁੱਛਾਂ ਤੇ ਹੱਥ ਫੇਰਦਾ ਹੋਇਆ ਬੋਲਿਆ।

" ਜੀ ਥੋਡੇਂ ਘਰੇ ਬਾਲਣ ਹੈਗਾ ਆ, ਸਾਡੇ ਤਾਂ ਕੋਠੇ ਚੋਂਦੇ ਆ, ਚੁੱਲਾ ਈ ਨੀਂ ਬਲਦਾ ਤਾਂ ਫੱਟੀ ਕਿੱਥੇ ਸੁੱਕੂ। ਜਦ ਢਿੱਡ ਈ ਭੁੱਖੇ......।"

"ਬਹਿ ਜਾ ਸਾਲਿਆ, ਕੀ ਲੈ ਕੇ ਬੈਹ ਗਿਆ, ਐਮੇ ਸੁਆਦ ਖਰਾਬ ਕਰੀ ਜਾਨੈ।" ਮਾਸਟਰ ਹਕੀਕਤ ਤੋਂ ਅਨਜਾਣ ਬਣਦਾ ਹੋਇਆ ਬੋਲਿਆ।

# ਔੜ

"ਕਿਆਮਤ ਹੋ ਗੀ ਗੁਰਮੀਤ ਕੁਰੇ ਜਮਾਂ ਈ ਅੱਗ ਵਰ੍ਹਦੀ ਆ, ਹਾੜ੍ਹ ਸੁਕਾ ਲੰਘਿਆ ਸੌਣ ਲੰਘਣ ਡਿਹਾ, ਹੈਸ ਸਾਬ ਨਾਲ ਤਾਂ ਐਸ ਅਗੀ ਔੜ ਈ ਲੱਗੂ, ਜ਼ਮੀਨ ਦੀਆਂ ਭੱਦਾਂ ਪਾਟਗੀਆਂ, ਐਦਾਂ ਤਾਂ ਜ਼ਰਖੇਜ਼ ਭੋਇ ਵੀ ਬੰਜਰ ਬਣਜੂ।

ਹਾਅ ਸਵੇਰੇ ਅਖ਼ਬਾਰ 'ਚ ਲਿਖਿਆ ਸੀ ਕਿ ਗੋਰਮੈਂਟ ਨੇ ਜਿਹੜੇ ਟੂਬਲ ਲਗਾਏ ਸੀ, ਉਹ ਵੀ ਪਾਣੀ ਨੀ ਚੁਕਦੇ, ਆਹਦੇ ਪਾਣੀ ਠਾਹ ਚਲਾ ਗਿਆ। ਜੇ ਬੰਜਰ ਭੋਇੰ ਨੂੰ ਪਾਣੀ ਈ ਨਾ ਮਿਲੂ ਫੇਰ ਏਹਦੇ ਭਾਗ ਕਿਮੇਂ ਮੁੜਨਗੇ....?

" ਕਿਰਪਾਲ ਕਿਆਂ ਦੇ ਨਛੱਤਰ ਨੇ ਆਪਣੀ ਘਰ ਵਾਲੀ ਨੂੰ ਲੰਬਾਂ ਸਾਰਾ ਹੌਂਕਾ ਲੈਂਦਿਆਂ ਕਿਹਾ, "ਹਾਹੋ ! ਧਰਤੀ ਹੋਈ ਜਾਂ ਤੀਮੀਂ, ਚੰਦਰਾ ਦੁਖ ਤਾਂ ਇਕੋ ਜਿਹਾ ਈ ਐ, ਜੇ ਮਾਲਕ ਦੀ ਮੇਹਰ ਹੋ ਜਾਏ ਤਾਂ ਧਰਤੀ ਹਰੀ-ਭਰੀ ਨਹੀਂ ਤਾਂ ਬੰਜਰ ਈ ਰਹੂ ....ਰਹੀ ਪਾਣੀ ਦੀ ਗੱਲ ਜੇ ਰੱਬ ਈ ਮਾਰਨ ਡਿਹਾ ਹੋਵੇ ਦਾਂ ਗੋਰਮੇਂਟ ਭਲਾ ਕੀ ਕਰ ਲੂ ? ਐਥੇ ਵੀ ਤਾਂ ਔੜ ਈ ਐ...।" ਆਖ਼ਰੀ ਵਾਕ ਖ਼ਤਮ ਕਰਦਿਆਂ ਗੁਰਮੀਤ ਕੌਰ ਦੀਆਂ ਅੱਖਾਂ ਭਰ ਆਈਆਂ। ਵਰਿਆਂ ਤੋਂ ਬਾਂਝ ਆਪਣੀ ਜਨਾਨੀ ਗੁਰਮੀਤ ਕੌਰ ਦੇ ਅੱਥਰੂਆਂ ਦਾ ਸਾਹਮਣਾ ਕਰਨਾ ਨਛੱਤਰ ਦੇ ਵਸੋਂ ਬਾਹਰ ਸੀ ।ਉਹ ਆਤਮ-ਗਿਲਾਨੀ ਨਾਲ ਭਰਿਆ ਸਬਰ ਤੋਂ ਬਾਹਰ ਹੋ ਗਿਆ।

-ਅਸ਼ੋਕ ਸਰਾਹਣੂ

# ਕੂਕ ਦੀ ਮੌਤ

ਆਲਸ ਦੀਆਂ ਰਜ਼ਾਈਆਂ ਛੱਡ ਕੇ, ਜ਼ਿੰਦਗੀ ਦੀ ਰਫ਼ਤਾਰ ਨੂੰ ਕਾਇਮ ਰੱਖਣ ਖ਼ਾਤਰ ਲੋਕਾਂ ਨੂੰ ਆਪੋ-ਆਪਣੇ ਕੰਮਾਂ ਕਾਰਾਂ 'ਤੇ ਭੇਜਣ ਲਈ ਰੁੱਖ ਦੀ ਟਾਹਣੀ 'ਤੇ ਬੈਠੇ ਪਪੀਹੇ ਨੇ 'ਚ ਸੁਰ 'ਚ ਕੂਕ ਮਾਰੀ। 'ਪਰ ਰੱਬ ਦਿਆਂ ਵੱਖੋਂ-ਵੱਖ ਘਰਾਂ 'ਚੋਂ ਆ ਰਹੀਆਂ ਕੰਨ-ਪਾੜੂ ਆਵਾਜ਼ਾਂ ਨਾਲ ਟਕਰਾ ਕੇ ਉਸਦੀ ਕੂਕ ਦਮ ਤੋੜ ਗਈ'।

# ਸੋਚ

" ਲੁਹਾਂਡਿਆਂ ਨੂੰ ਥੱਲੇ ਲੁਆ ਲੇ। ਬਾਲਟੀਆਂ ਨੂੰ ਕੁੰਡੇ ਪੁਆ ਲੇ।" ਘਸਮੈਲੇ ਜਿਹੇ ਚਿਹਰੇ ਵਾਲੀ ਵਣਜਾਰਨ ਕੁੜੀ ਨੇ ਜਦੋਂ ਗਲੀ 'ਚ ਵੜਦਿਆਂ, ਉੱਚੀ ਆਵਾਜ਼ 'ਚ ਹੋਕਾ ਦਿੱਤਾ ਤਾਂ ਸ਼ਿੰਬੋ ਨੇ ਬੂਹਾ ਖੋਲ੍ਹ ਕੇ ਉਸਨੂੰ ਪੁੱਛਿਆ, " ਇਕ ਲੁਹਾਂਡੇ ਨੂੰ ਥੱਲਾ ਲੁਔਣਾ ਆਂ। ਕਿੰਨੇ ਪੈਸੇ ਲਾਊਗੀ ?"

"ਪੈਸੇ ਮੈਂ ਕੀ ਕਰਨੇ ਬੀਬੀ ? ਤੂੰ ਕਿਲੋ ਕੁ ਆਟਾ ਦੇ ਦੀਂ।" ਵਣਜਾਰਨ ਕੁੜੀ ਨੇ ਹੱਥ 'ਚ ਫੜੀਆਂ ਲੋਹੇ ਦੀਆਂ ਪਤਲੀਆਂ ਚਾਦਰਾਂ ਅਤੇ ਬਗਲ 'ਚ ਪਾਏ ਮੈਲੇ ਜਿਹੇ ਝੋਲੇ, ਜਿਸ 'ਚ ਉਸਨੇ ਸ਼ਾਇਦ ਨਿੱਕੇ-ਮੋਟੇ ਸੰਦ ਰੱਖੇ ਸਨ ਨੂੰ ਜ਼ਮੀਨ 'ਤੇ ਰੱਖਦਿਆਂ ਕਿਹਾ। 'ਨ੍ਹੀ ਆਹ ਮਾੜਾ ਜਿਆ ਤਾਂ ਥੱਲਾ ਲਾਉਣਾ 'ਤੇ ਤੂੰ ਇਹਦੇ ਬਦਲੇ ਕਿੱਲੋ ਆਟਾ ਮੰਗਣ ਡਹੀਂ ਆਂ।" ਸ਼ਿੰਬੋ ਨੂੰ ਥੱਲਾ ਲੁਆਉਣ ਦੀ ਏਨੀ ਕੀਮਤ ਮਨਜ਼ੂਰ ਨਹੀਂ ਸੀ।

"ਮੈਂ ਅੱਧਾ ਕਿਲੋ ਆਟਾ ਦੇਣਾਂ। ਥੱਲਾ ਲਉਣਾ ਲਾ ਦੇ। ਨਹੀਂ ਤੇਰੀ ਮਰਜ਼ੀ।" ਉਹਨੇ ਦੋ-ਟੁਕ ਗੱਲ ਮੁਕਾਈ। "ਚੱਲ ਬੀਬੀ ਤੂੰ ਅੱਧਾ ਕਿਲੋ ਈ ਦੇ ਦੀਂ। ਤੇਰੇ ਨਾਲ ਅਸਾਂ ਕਿਹੜੀ ਬਹਿਸ ਕਰਨੀ ਏਂ।" ਵਣਜਾਰਨ ਕੁੜੀ ਦੀ ਮਜ਼ਬੂਰੀ ਬੋਲ ਪਈ ਸ਼ਿੰਬੋ ਬੂਹੇ ਦੀ ਥੜ੍ਹੀ 'ਤੇ ਬੈਠੀ ਵਣਜਾਰਣ ਕੁੜੀ ਨੂੰ ਥੱਲਾ ਲਾਉਂਦੀ ਨੂੰ ਦੇਖ ਰਹੀ ਸੀ।

ਉਸੇ ਵੇਲੇ ਇਕ ਹੱਟਾ-ਕੱਟਾ ਮੰਗਤਾ ਆਇਆ ਤੇ ਕਹਿਣ ਲੱਗਾ, "ਖ਼ੈਰ ਪਾ ਬੀਬੀ। ਵਾਹਗੁਰੂ ਰਾਜੀ ਰੱਖੇ।"

ਸ਼ਿੰਬੋ ਛੇਤੀ-ਦੇਣੀ ਅੰਦਰ ਗਈ 'ਤੇ ਅੰਦਰੋਂ ਆਟੇ ਦੀ ਥਾਲ਼ੀ ਲਿਆ ਕੇ, ਉਸਨੇ ਉਸ ਮੰਗਤੇ ਦੀ ਬਗਲੀ 'ਚ ਉੱਲਟਾ ਦਿੱਤੀ।

-ਦੇਵ ਵਿਦਿਆਰਥੀ

# ਜਦ ਆਪਣੇ ਹੋਣ ਪਰਾਏ

ਅਚਾਨਕ ਉਨ੍ਹਾਂ ਦਾ ਬਾਪ ਮਰ ਗਿਆ। ਪੁੱਤਰ ਦੇ ਦੁਖ ਵਿੱਚ ਦਾਦਾ ਜੀ ਵੀ ਪ੍ਰਲੋਕ ਸੁਧਾਰ ਗਿਆ। ਜ਼ਮੀਨ ਜਿਹੜੀ ਦਾਦੇ ਦੇ ਨਾਂ ਸੀ ਉਸ ਦੀ ਵਸੀਅਤ ਪੋਤੀਆਂ ਨੇ ਪਿੰਡ ਦੇ ਸਿਆਣੇਂ ਬੰਦਿਆਂ ਰਾਹੀ ਆਪਣੇ ਨਾਂ ਕਰਵਾ ਲਈ ਪਰ ਕਿਸ ਨੂੰ ਅੱਗੇ ਵਧਦੇ ਨੂੰ ਵੇਖਕੇ ਕੌਣ ਸ਼ਰੀਕ ਜਰਦਾ ਹੈ। ਸੋ ਉਹਨਾਂ ਨੇ ਚੁਗਲੀਆਂ ਕਰ-ਕਰ ਕੇ ਕੁੜੀਆਂ ਨੂੰ ਵਿਰੋਧ ਵਿੱਚ ਖੜ੍ਹਾ ਕਰ ਦਿੱਤਾ। ਜਦੋਂ ਮਸਲਾ ਪੰਚਾਇਤ ਹੱਲ ਨਾ ਕਰ ਸਕੀ ਤਾਂ ਕੇਸ ਅਦਾਲਤ ਤੱਕ ਪਹੁੰਚ ਗਿਆ। ਉਹੋ ਹੀ ਭੈਣਾਂ ਜਿਹੜੀਆਂ ਭਰਾਵਾਂ ਦੀਆਂ ਖੁਸ਼ੀਆਂ ਲਈ ਰੱਬ ਤੋਂ ਦੁਆਵਾਂ ਮੰਗਦੀਆਂ ਸਨ , ਭਰਾਵਾਂ ਲਈ ਆਪਣਾ ਸਭ ਕੁਝ ਕੁਰਬਾਨ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੀਆਂ ਸਨ, ਆਪਣੇ ਪੇਕੇ ਘਰ ਦਾ ਮੋਹ ਤਿਆਗ ਕੇ ਆਪਣੇ ਹੱਕ ਲਈ ਅਦਾਲਤ ਵਿੱਚ ਖੜ੍ਹੀਆਂ ਸਨ।

# ਗ਼ਰੀਬੀ

ਕ੍ਰਿਪਾਲ ਸਿੰਘ ਆਪਣੀ ਪਤਨੀ ਰਾਜੋ ਦੀ ਦਵਾਈ ਲੈਣ ਲਈ ਪ੍ਰੇਮੋ ਤੋਂ ਪੈਸੇ ਉਧਾਰ ਫੜ ਕੇ ਮੁਹਲੇ ਦੀ ਤੰਗ ਗਲੀ ਵਿੱਚੋਂ ਲੰਘ ਰਿਹਾ ਸੀ ਜੋ ਕਿ ਬਾਜ਼ਾਰ ਵੱਲ ਜਾਂਦੀ ਸੀ। ਜਾਂਦਾ ਜਾਂਦਾ ਉਹ ਆਪਣੀ ਘਰੇਲੂ ਹਾਲਤ ਅਤੇ ਗ਼ਰੀਬੀ ਬਾਰੇ ਸੋਚ ਰਿਹਾ ਸੀ। ਅਚਾਨਕ ਕ੍ਰਿਪਾਲ ਸਿੰਘ ਦੇ ਕੁਝ ਦੋਸਤ ਮਿਲ ਗਏ। ਉਹ ਉਸਨੂੰ ਜ਼ਬਰਦਸਤੀ ਹੋਟਲ ਵੱਲ ਲਿਜਾਂਦਿਆਂ ਬੋਲ, "ਯਾਰ ਦਸ ਮਿੰਟ ਅਰਾਮ ਕਰਾਂਗੇ, ਇਹ ਕੰਮ ਤਾਂ ਮੁਕਦੇ ਨਹੀਂ।" ਕ੍ਰਿਪਾਲ ਸਿੰਘ ਦੇ ਲੱਖ ਇਨਕਾਰ ਕਰਨ ਤੇ ਵੀ ਉਹ ਉਸ ਨੂੰ ਧੂਹ ਕੇ ਲੈ ਗਏ ਅਤੇ ਚਾਹ ਅਤੇ ਮਿਠਿਆਈ ਖਾ ਕੇ ਗੱਲਾਂ ਕਰਦੇ - ਕਰਦੇ ਇੱਕ-ਇੱਕ ਕਰਕੇ ਬਾਹਰ ਨਿਕਲ ਗਏ। ਹੋਟਲ ਵਾਲੇ ਨੇ ਚਾਹ ਅਤੇ ਮਿਠਿਆਈ ਦਾ ਬਿੱਲ ਕ੍ਰਿਪਾਲ ਸਿੰਘ ਤੋਂ ਵਸੂਲ ਕੀਤਾ ਖ਼ਾਲੀ ਜੇਬ ਵੇਖ ਕੇ ਕ੍ਰਿਪਾਲ ਸਿੰਘ ਦੀਆਂ ਅੱਖਾਂ ਅੱਗੇ ਬਿਮਾਰ ਰਾਜੋ ਦਾ ਚਿਹਰਾ ਘੁੰਮਣ ਲੱਗਾ।

ਸੁਭਾਸ਼ ਚੰਦ,ਪੀ.ਆਰ.ਟੀ.ਸੀ

## ਕਰੇ ਕੋਈ ਭਰੇ ਕੋਈ

ਜੀਤ ਨੂੰ ਸੜਕ 'ਤੇ ਡਿੱਗੇ ਨੂੰ ਵੇਖ ਕੇ ਲੋਕ ਉਸ ਨੂੰ ਸ਼ਰਾਬੀ ਕਹਿਣ ਲੱਗੇ। ਕੁਝ ਉਸ ਨੂੰ ਇਹ ਕਹਿ ਕੇ ਫਿਟਕਾਰ ਰਹੇ ਸਨ ਕੇ ਥੋੜੀ ਪੀ ਲੈਂਦਾ ਤਾਂ ਇਹ ਹਾਲ ਤਾਂ ਨਾ ਹੁੰਦਾ। ਉਸ ਦੀ ਬੇਕਸੂਰੀ ਕਿਸੇ ਨੇ ਨਹੀਂ ਸਮਝੀ ਬਸ ਉਸ ਉੱਤੇ ਸਾਰੇ ਲਾਹਨਤਾਂ ਪਾ ਰਹੇ ਸਨ। ਕਿਸੇ ਨੇ ਵੀ ਉਸ ਦੇ ਕੋਲ ਜਾ ਕੇ ਉਸ ਨੂੰ ਚੁੱਕਣ ਦੀ ਕੋਸ਼ਿਸ਼ ਨਹੀਂ ਕੀਤੀ। ਅਸਲ ਵਿੱਚ ਉਸ ਨੇ ਸ਼ਰਾਬ ਪੀਤੀ ਹੀ ਨਹੀਂ ਸੀ। ਉਸ ਨੂੰ ਤਾਂ ਕੋਈ ਸਕੂਟਰ ਵਾਲਾ ਸ਼ਰਾਬੀ ਹੀ ਸਾਈਡ ਮਾਰ ਗਿਆ ਸੀ।

## ਮਿਲਾਵਟ

ਉਸ ਨੇ ਜ਼ਿੰਦਗੀ ਤੋਂ ਤੰਗ ਆਕੇ ਆਖ਼ਰ ਖੁਦ ਕਸ਼ੀ ਕਰਨ ਦਾ ਕਰਨ ਦਾ ਫੈਸਲਾ ਕਰ ਹੀ ਲਿਆ। ਲੇਕਿਨ ਉਹ ਖੁਦ ਕਸ਼ੀ ਕਰਨ ਵਿੱਚ ਕਮਯਾਬ ਨਾ ਹੋ ਸਕਿਆ ਕਿਉਂਕਿ ਜਿਸ ਜ਼ਹਿਰ ਨਾਲ ਉਸ ਨੇ ਖੁਦਕਸ਼ੀ ਕਰਨ ਦੀ ਕੋਸ਼ਿਸ਼ ਕੀਤੀ ਸੀ ਉਸ ਜ਼ਹਿਰ ਵਿੱਚ ਮਿਲਾਵਟ ਸੀ।

-ਡਿੰਪਲ ਮਡਾਰ ਕਾਸਿਦ

# ਕੁਰਬਾਨੀ

ਸੁਰਜੀਤ ਜੋ ਕਿ ਬੀ. ਏ. ਪਾਸ ਸੀ। ਬੀ. ਏ. ਦੀ ਡਿਗਰੀ ਚੁੱਕੀ ਉਹ ਪਤਾ ਨਹੀਂ ਕਿੱਥੇ-ਕਿੱਥੇ ਗਿਆ ਪਿਤਾ ਦੀ ਹਿਮਤ ਨਹੀਂ ਸੀ ਕਿ ਉਹ ਰਿਸ਼ਵਤ ਦੇ ਕੇ ਆਪਣੇ ਪੁੱਤਰ ਨੂੰ ਨੌਂਕਰੀ ਲਵਾ ਸਕੇ। ਸੁਰਜੀਤ ਸਾਰਾ ਦਿਨ ਫਿਰਦਾ ਰਹਿੰਦਾ ਤੇ ਆਥਣ ਨੂੰ ਘਰ ਮੁੜ ਆਉਂਦਾ ਇੱਕ ਦਿਨ ਅਚਾਨਕ ਪਿਤਾ ਜੀ ਦਾ ਐਕਸੀਡੈਂਟ ਹੋ ਗਿਆ। ਪਿਤਾ ਜੀ ਦੀ ਮੌਤ ਤੋਂ ਬਾਅਦ ਨੌਕਰੀ ਸੁਰਜੀਤ ਨੂੰ ਮਿਲ ਗਈ। ਬਾਅਦ ਵਿੱਚ ਪਤਾ ਲੱਗਾ, ਉਸ ਦੇ ਪਿਤਾ ਨੇ ਜਾਣ ਬੁਝ ਕੇ ਸਾਇਕਲ ਦਾ ਐਕਸੀਡੈਂਟ ਕੀਤਾ ਸੀ। ਤਾਂ ਕੇ ਉਸ ਦੇ ਪੁੱਤਰ ਨੂੰ ਉਸ ਦੀ ਥਾਂ ਨੌਂਕਰੀ ਮਿਲ ਸਕੇ। ਪਿਤਾ ਦੀ ਕੁਰਬਾਨੀ ਵੇਖ ਕੇ ਸੁਰਜੀਤ ਬਹੁਤ ਰੋਇਆ।

# ਕੀਮਤ

ਕੁਝ ਵਰ੍ਹੇ ਪਹਿਲਾਂ ਸਮੇਂ ਦੀ ਸਰਕਾਰ ਨੇ ਉਸਨੂੰ ਜਿਉਂਦਾ ਜਾਂ ਮੁਰਦਾ ਫੜਨ ਦੀ ਕੀਮਤ ਦਸ ਹਜ਼ਾਰ ਰੁਪਏ ਰੱਖੀ, ਸਮਾਂ ਬੀਤਿਆਂ ਹਕੂਮਤ ਬਦਲੀ ਅਤੇ ਇਸ ਦੇ ਨਾਲ ਹੀ ਉਸ ਦੇ ਸਿਰ ਦੀ ਕੀਮਤ ਪੰਜਾਹ ਹਜ਼ਾਰ ਹੋ ਗਈ ਸਰਕਾਰਾਂ ਦੇ ਬਦਲਣ 'ਤੇ ਬਣਨ ਨਾਲ ਹੀ ਉਸਦੇ ਸਿਰ ਦੀ ਕੀਮਤ ਵਧਾ ਕੇ ਲੱਖ ਰੁਪਏ ਰੱਖੀ ਗਈ।

ਚੋਣਾਂ ਹੋਈਆਂ, ਹੁਣ ਉਹ ਦਾ ਨੁਮਾਂਇਦਾ ਚੁਣਿਆਂ ਗਿਆ, ਥਾਂ-ਥਾਂ ਉਸ ਨੂੰ ਸਿੱਕਿਆਂ ਨਾਲ ਤੋਲਿਆ ਗਿਆ 'ਤੇ ਲੱਖਾਂ ਰੁਪਏ ਦੀਆਂ ਥੈਲੀਆਂ ਭੇਂਟ ਕਰਕੇ ਉਸਦਾ ਸਨਮਾਨ ਕੀਤਾ ਗਿਆ।

-ਸੁਖਪਾਲ ਸ਼ਰਮਾ

# ਕਮਾਈ

ਪੂਰਾ ਪਿੰਡ ਮਾਤਮ 'ਚ ਡੁੱਬਿਆ ਹੋਇਆ ਸੀ। ਸ਼ਾਇਦ ਹੀ ਕੋਈ ਘਰ ਹੋਊ ਜਿੱਥੇ ਚੁੱਲਾ ਬਲਿਆ ਹੋਊ। ਕਿਸੇ ਨੇ ਅੱਜ ਰੋਟੀ ਨਹੀਂ ਸੀ ਖਾਧੀ। ਇਵੇਂ ਲੱਗਦਾ ਸੀ ਜਿਵੇਂ ਕਰਮ ਸਿੰਘ ਦਾ ਨਹੀਂ ਸਗੋਂ ਪੂਰੇ ਪਿੰਡ ਦਾ ਪੁੱਤ ਮੋਇਆ ਹੋਵੇ। ਇੱਕੋ ਇੱਕ ਪੁੱਤ ਗ਼ਰੀਬੀ ਦਾਵੇ ਨਾਲ ਪਾਲਿਆ-ਪੋਸਿਆ......ਤੇ ਪੁੱਤ ਵੀ ਘਰਦਿਆਂ ਦੀ ਹਾਲਤ ਨੂੰ ਸਮਝਦਾ ਹੋਇਆ ਵਿਦੇਸ਼ ਚਲਾ ਗਿਆ ਕਮਾਈ ਕਰਮ......ਮਾਂ ਨੇ ਬਥੇਰਾ ਰੋਕਿਆ ਸੀ ਕਿ ਅਸੀਂ ਇੱਥੇ ਰੁੱਖੀ ਮਿੱਸੀ ਖਾਕੇ ਪੁੱਤ ਗੁਜ਼ਾਰਾ ਕਰ ਲੈਣਾ ਤੂੰ ਵਤਨੋਂ ਦੂਰ ਨਾ ਜਾਅ........ਪਰ ਪੁੱਤ ਨੂੰ ਸ਼ਾਇਦ ਸਿਰ 'ਤੇ ਮਡਲਾਉਂਦੀ ਮੌਤ ਹੀ ਦੂਰ ਲੈ ਗਈ ਸੀ। ਉੱਥੇ ਕਮਾਏ ਪੈਸੇ ਨੂੰ ਘਰ ਭੇਜਣ ਦੀ ਵਾਰੀ ਤਾਂ ਕਿਸੇ ਨੇ ਉਸ ਤੋਂ ਪੈਸੇ ਖੋਹ ਉਸਨੂੰ ਗੋਲੀ ਮਾਰ ਦਿੱਤੀ ਸੀ।

ਕਰਮ ਸਿੰਘ ਨੂੰ ਕੁਝ ਔਹੜ ਮਹੀਂ ਸੀ ਰਿਹਾ ਕਿ ਲਾਸ਼ ਨੂੰ ਕਿੱਦਾ ਮੰਗਵਾਏ। ਉਸ ਕੋਲ ਏਨੇ ਪੈਸੇ ਨਹੀਂ ਸਨ ਕਿ ਲਾਸ਼ ਲਿਆਉਣ ਦਾ ਖ਼ਰਚਾ ਝੱਲ ਸਕੇ। ਪੁੱਤ ਨੂੰ ਤਾਂ ਪਹਿਲਾਂ ਹੀ ਕਰਜ਼ਾ ਚੁੱਕ ਬਾਹਰ ਭੇਜਿਆ ਸੀ।.....ਮਾਂ ਵਾਰ ਵਾਰ ਵੈਣ ਪਾ ਪਾ ਆਖ ਰਹੀ ਸੀ, "ਵੇ ਪੁੱਤਾ ਤੈਨੂੰ ਇੱਥੇ ਦੀ ਮਿੱਟੀ ਵੀ ਨਸੀਬ ਨਹੀਂ ਹੋਈ .....ਵੇ ਮੈਂ ਤੇਰਾ ਮੂੰਹ ਦੇਖਣ ਨੂੰ ਤਰਸ ਗਈ।" ਮਾਂ ਦੀ ਹਾਲਤ ਰੋ-ਰੋ ਪਾਗਲਾਂ ਵਰਗੀ ਹੋ ਗਈ ਸੀ...ਕੁਝ ਦਿਨਾਂ ਬਾਦ ਉਸਦੇ ਪੁੱਤ ਦੀਆਂ ਅਸਥੀਆਂ ਦਾ ਕਲਸ਼ ਬਾਹਰੋਂ ਕਿਸੇ ਦੋਸਤ ਨੇ ਭੇਜ ਦਿੱਤਾ ਸੀ। ਪਰ ਮਾਂ ਨੂੰ ਅਜੇ ਵੀ ਯਕੀਨ ਨਹੀਂ ਸੀ ਆਇਆ ਕਿ ਉਸ ਦਾ ਕਮਾਊ ਪੁੱਤ ਇਸ ਦੁਨੀਆਂ ਨੂੰ ਅਲਵਿੱਦਾ ਆਖ ਗਿਆ। ਉਸ ਨੂੰ ਅਜੇ ਵੀ ਆਸ ਸੀ ਕਿ ਸ਼ਾਇਦ ਉਹ ਕਦੀ ਨਾ ਕਦੀ ਮੁੜ ਵਤਨ ਨੂੰ ਪਰਤ ਆਏਗਾ।

# ਰਿਟਾਇਰਮੈਂਟ

ਅੱਜ ਧਿਆਨ ਸਿੰਘ ਦਾ ਗਲ ਫੁੱਲਾਂ 'ਤੇ ਨੋਟਾਂ ਦੇ ਹਾਰਾਂ ਨਾਲ ਲੱਦਿਆ ਹੋਇਆ ਸੀ। ਉਹ ਬੈਂਡ ਵਾਲਿਆਂ ਪਿੱਛੇ ਆਕੜ ਕੇ ਤੁਰ ਰਿਹਾ ਸੀ ਜਿਵੇਂ ਕੋਈ ਲਾੜਾ ਵਿਆਹ ਵੇਲੇ ਤੁਰਦਾ ਹੈ। ਜਦੋਂ ਘਰ ਦੀ ਚੁਗਾਠ 'ਤੇ ਪੈਰ ਧਰਨ ਲੱਗਾ ਤਾਂ ਉਸਦੀ ਪਤਨੀ ਨੇ ਤੇਲ ਚੋਅ ਕੇ ਉਸਨੂੰ ਅੰਦਰ ਵਾੜਿਆ। ਸਾਰੇ ਸਾਕ ਸੰਬੰਧੀ ਉਸਨੂੰ ਵਧਾਈਆਂ ਦੇਣ ਆ ਰਹੇ ਸਨ। ਅੱਜ ਉਸਨੇ ਆਪਣੇ ਪਰਿਵਾਰ ਨੂੰ ਢੇਰਾਂ ਰੁਪਇਆ ਕਮਾ ਕੇ ਦਿੱਤਾ ਸੀ। ਆਪਣੀ ਪਤਨੀ ਤੇ ਬੱਚਿਆਂ ਦੀ ਹਰ ਖ਼ਾਹਿਸ਼ ਨੂੰ ਪੂਰਾ ਕੀਤਾ ਸੀ। ਉਹ ਆਪਣੀਆਂ ਇਨ੍ਹਾਂ ਉਪਲੱਬਧੀਆਂ 'ਤੇ ਮਾਣ-ਮਤਾ ਹੋਇਆ ਫਿਰਦਾ ਸੀ। ਪਰ ਅਗਲੇ ਹੀ ਦਿਨ ਦੀ ਸਵੇਰ ਉਸ ਲਈ ਹੋਰ ਰੋਜ਼ ਵਰਗੀ ਸਵੇਰ ਨਹੀਂ ਸੀ। ਉਸਦੀ ਪਤਨੀ ਦਾ ਰਵਈਆ ਇੱਕ ਦਿਨ 'ਚ ਹੀ ਬਦਲ ਗਿਆ ਸੀ। ਜੋ ਕੱਲ੍ਹ ਉਸਨੂੰ ਤੇਲ ਚੋਅ ਕੇ ਅੰਦਰ ਵਾੜ ਰਹੀ ਸੀ ਅੱਜ ਉਸ ਤੋਂ ਰਿਟਾਇਰਮੈਂਟ 'ਤੇ ਕਿ ਸਰਕਾਰੀ ਕੰਮਾਂ 'ਚ ਦੇਰ ਲੱਗਦੀ ਹੈ। ਉਸਦੀ ਪਤਨੀ 'ਤੇ ਬੱਚ ਉਸ ਵੱਲ ਇੰਝ ਵੇਖਣ ਲੱਗੇ ਜਿਵੇਂ ਇਸ ਦੇਰੀ ਲਈ ਖ਼ੁਦ ਜ਼ਿੰਮੇਵਾਰ ਹੋਵੇ। ਉਸ ਨੂੰ ਅੱਜ 'ਤੇ ਬੀਤੇ ਕੱਲ੍ਹ ਵਿੱਚ ਚਮਕਦੇ ਸੂਰਜ 'ਤੇ ਬੁਝੇ ਹੋਏ ਦੀਵੇ ਜਿੰਨ੍ਹਾਂ ਫ਼ਰਕ ਲੱਗ ਰਿਹਾ ਸੀ। ਇੱਕ ਦਿਨ ਨੇ ਹੀ ਉਸਦਾ ਵਜ਼ੂਦ ਇੱਕ ਕਮਾਊ ਇਨਸਾਨ ਤੋਂ ਨਕਾਰਾ ਇਨਸਾਨ 'ਚ ਤਬਦੀਲ ਕਰ ਦਿੱਤਾ ਸੀ। ਉਸਨੂੰ ਅੱਜ ਸਮਝ ਆਈ ਸੀ ਕਿ ਉਸ ਦਾ ਸੀਨੀਆਰ ਅਫ਼ਸਰ ਰਿਟਾਇਰਮੈਂਟ ਤੋਂ ਕੁਝ ਦਿਨਾਂ ਬਾਦ ਹੀ ਦੌਰਾ ਪੈ ਕੇ ਕਿਵੇਂ ਮਰ ਗਿਆ ਸੀ। ਉਸ ਲਈ ਰਿਟਾਇਰਮੈਂਟ ਉਮਰ ਭਰ ਦੀ ਕਮਾਈ ਤੋਂ ਬਾਅਦ ਅਰਾਮ ਨਹੀਂ ਸਗੋਂ ਮੌਤ ਬਣ ਗਈ ਸੀ।

-ਇੰਦਰਜੀਤ ਨੰਦਨ

# ਧੀਆਂ ਵਾਲੇ

ਲਖਵਿੰਦਰ ਨੇ ਚਾਹ ਵਾਲਾ ਖ਼ਾਲੀ ਕੱਪ ਮੇਜ਼ 'ਤੇ ਰੱਖਿਆ 'ਤੇ ਅਖ਼ਬਾਰ ਚੁੱਕ ਅਹੜਾਈਆਂ ਜਿਹੀਆਂ ਲੈਂਦਾ ਬੈੱਡ 'ਤੇ ਹੀ ਟੇਡਾ ਹੋ ਗਿਆ। ਪੜ੍ਹਦਿਆਂ-ਪੜ੍ਹਦਿਆਂ ਤਰਬਕ ਕੇ ਉਠਿਆ,'' ਹੈ....ਇਹ.....ਕੀ।''

'' ਕੀ ਹੋਇਆ ਲੱਖਿਆ ?'' ਭਰਾ ਨੇ ਪੁੱਛਿਆ।

''ਆਹ ਖ਼ਬਰ ਬੜੀ ਸ਼ਰਮਾਨਕ ਛਪੀਆ।''

''ਕਾਅਦੀ ?'' ਭਰਾ ਨੇ ਉਤਸੁਕਤਾ ਨਾਲ ਪੁੱਛਿਆ।

''ਵੇਖੋ ਭਾਜੀ। ਲਿਖਿਆ ਕਿ ਹਿੰਦੂਆਂ ਨੇ ਚਾਰ ਮੁਸਲਮਾਨ ਕੁੜੀਆਂ ਨਾਲ ਭਰੇ ਬਾਜ਼ਾਰ 'ਚ ਮੂੰਹ ਕਾਲਾ.......।''

''ਫੇਰ ਤਾਂ ਬੜਾ ਹੋਇਆ।'' ਲਖਵਿੰਦਰ ਦੀ ਮਾਂ ਹਉਕਾ ਜਿਹਾ ਭਰਦੀ ਬੋਲੀ।

''ਮਾੜਾ ਕਾਦਾ, ਸਾਡੇ ਨਾਲ ਕੇੜਾ ਨੇਕੀ ਕੀਤੀ ਸੀ ਮੁਸਲਿਮਆਂ ਸੰਤਾਲੀ 'ਚ।'' ਬਜ਼ੁਰਗ ਭਾਵੁਕ ਜਿਹੀ ਆਵਾਜ਼ 'ਚ ਬੋਲਿਆ।

''ਨਾ-ਨਾ ਲੱਖੇ ਦੇ ਬਾਪੂ, ਧੀਆਂ ਵਾਲਿਆਂ ਮੂੰਹੋ ਹਿ ਸ਼ੋਬਦਾ ਨਹੀਂ......।''

ਨੇੜੇ ਬੈਠੀਆਂ ਜਵਾਨ ਧੀਆਂ ਵੱਲ ਇਸ਼ਾਰਾ ਕਰਦੀ ਲੱਖੇ ਦੀ ਮਾਂ ਨੇ ਕਿਹਾ।

# ਕਾਸ਼

''ਉਇ ਸ਼ਿੰਦਿਆ, ਔਹ ਖ਼ਾਕੀ ਵਰਦੀਆਂ ਵਾਲੇ ਸੁਵੱਖਤੇ ਕਿੱਧਰ ਫਿਰਦੇ ?''

''ਕੀ ਦਸਾਂ ਭਰਾਵਾਂ,ਆਪਣੇ ਈ ਆਏ ਆ।''

"ਕਾਤੋਂ ?"
"ਨੀਟੂ 'ਤੇ ਸੀਤੂ ਆਂਦੇਆ, ਬੰਦ ਨੇ ਠਾਣੇ 'ਚ।"
"ਕੋਈ ਫੇ ਚੜ੍ਹਾਤਾ ਚੰਦ ?"
"ਆਹੋ ਯਾਰ, ਹੱਟ ਭੰਨੀ ਰਾਤੀ ਬਾਣੀਏ ਦੀ ਕੰਬਖਤਾਂ ਨੇ।"
"ਉਹ ਸਮਝਾਇਆ ਕਰ ਤੂੰ ਕੁੱਛ ਉਹਨਾਂ ਨੂੰ ?"
"ਕੇੜਾ ਮੰਨਦੇ ਆ ਕਿਸੇ ਕੰਜਰ ਦੀ, ਬੇਵਕੂਫ ਆਂਦੇ ਨੇ ਜਣਨ ਵਾਲਿਆਂ ਨੂੰ ਏਦੂੰ ਤਾਂ ਔਂਤਰੇ ਈ ਭਲੇ ਸਾਂ, ਆਹ ਦਿਨ ਤਾਂ ਨਾ ਦੇਖਣੇ ਪੈਂਦੇ।"
ਸ਼ਿੰਦੇ ਦੀਆਂ ਅੱਖਾਂ ਨਮ ਹੋ ਗਈਆਂ।
"ਹੁਣ ਕੀ ਬਣੂੰ।"
"ਬਣਨਾ-ਬੁਣਨਾ ਕੀ ਐ, ਜੋ ਕਰ ਸੋ ਭਰੂ।"
"ਚੱਲ ਛੱਡ ਪਰੇ, ਤੂੰ ਸੁਣਾ ਲੱਡੂ ਕਿੱਧਰ ਚੁੱਕੀ ਫਿਰਦੈ ?"
"ਉਇ! ਏਹ ਤਾਂ ਨਵਦੀਪ ਦੇ ਚਾਕਟਰ ਬਣਨ ਦੀ ਖੁਸ਼ੀ 'ਚ ਵੰਡਦਾ ਹਾਂ, ਬੜੀ ਵੱਡੀ ਡਾਕਟਰ ਬਣੀਆਂ, ਚਿੰਤਾ ਵੀ ਤਾਂ ਏਦ੍ਹੀ ਸੀ, ਵੱਡੀ ਤਾਂ ਪਾਹਿਲਾਂ ਹੀ ਪ੍ਰੋਫੈਸਰ ਲੱਗੀਓ ਆ।"
ਸ਼ਿੰਦਾ ਕਿੰਨ੍ਹਾਂ ਚਿਰ ਈ ਨੀਵੀਂ ਪਾ ਆਪਣੇ ਪੁੱਤਾਂ ਦੀਆਂ ਬਦੀਆਂ 'ਤੇ ਸੁਖਵਿੰਦਰ ਦੀਆਂ ਧੀਆਂ ਦੀ ਤਰੱਕੀ ਬਾਰੇ ਸੋਚਦਾ-ਸੋਚਦਾ ਹਉਕਾ ਜਿਹਾ ਭਰਦਾ ਬੋਲਿਆ,
"ਕਾਸ਼ !ਰੱਬ ਚੌਹੁੰ ਪੁਤਾਂ ਦੀ ਥਾਂ ਧੀ ਈ ਦੇ ਦੇਂਦਾ।"

-ਸੰਤੋਖ ਮੱਲ੍ਹੀ

# ਇੱਜ਼ਤ

ਜਦੋਂ ਉਸ ਨੇ ਦੇਖਿਆ ਕਿ ਉਸਨੂੰ ਵਿਆਹੁਣ ਆਏ ਲੜਕੇ ਦਾ ਬਾਪ ਉਨ੍ਹਾਂ ਦੀ ਹੈਸੀਅਤ ਤੋਂ ਵਧ ਦਾਜ ਮੰਗ ਰਿਹਾ ਹੈ 'ਤੇ ਉਸ ਦਾ ਬਾਪੂ ਆਪਣੀ ਪੱਗ ਦੇ ਉੱਧੜੇ ਲੜਾਂ ਨੂੰ ਉਸ ਲੜਕੇ ਦੇ ਬਾਪ ਦੇ ਪੈਰਾਂ 'ਤੇ ਰੱਖ ਕੇ ਆਪਣੀ ਇੱਜ਼ਤ ਦੀ ਭੀਖ ਮੰਗ ਰਿਹਾ ਹੈ ਤਾਂ ਉਸ ਤੋਂ ਝੱਲ ਨ੍ਹੀਂ ਹੋਇਆ। ਉਹ ਲਗਨ ਮੰਡਪ ਵਿੱਚੋਂ ਉੱਠ ਖੜੀ ਹੋਈ ਤੇ ਆਪਣੇ ਬਾਪ ਦੀ ਪਗੜੀ ਵਾਪਸ ਉਸ ਦੇ ਸਿਰ 'ਤੇ ਰੱਖ ਕੇ ਬੋਲੀ, " ਬਾਪੂ ਤੇਰੀ ਇੱਜ਼ਤ ਇੰਨੀ ਸਸਤੀ ਨਹੀਂ ਜਿੰਨੀ ਇਹ ਅਮੀਰਜ਼ਾਦੇ ਸਮਝਦੇ ਨੇ, ਆਪਣੀ ਸਾਰੀ ਦੌਲਤ ਨਾਲ ਵੀ ਇਹ ਤੇਰੀ ਇੱਜ਼ਤ ਖ਼ਰੀਦ ਸਕਦੇ। ਮੈਂ ਇਨ੍ਹਾਂ ਦਾਜ ਦੇ ਲੋਭੀਆਂ ਦੇ ਘਰ ਆਪਣਾ ਵਿਆਹ ਨਹੀਂ ਕਰਾਉਂਣਾ।"

'ਤੇ ਫਿਰ ਬਰਾਤ ਨੂੰ ਵਾਪਸ ਖ਼ਾਲੀ ਹੱਥੀਂ ਮੁੜਨਾ ਪਿਆ।

# ਹਮਦਰਦੀ

ਚੀਂ-ਚੀਂ, ਚੂੰ-ਚੂੰ ਕਰਦੇ, ਪੈਰਾਂ ਵਿੱਚ ਪੈਰ 'ਤੇ ਚੁੰਝਾਂ ਵਿੱਚ ਚੁੰਝਾਂ ਫਸਾਈ ਆਪਸ ਵਿੱਚ ਲੜਦੇ ਦੋ ਚਿੜੇ ਜ਼ਮੀਨ 'ਤੇ ਆਣ ਡਿੱਗੇ, ਵੱਖਰੇ-ਵੱਖਰੇ ਹੋਏ 'ਤੇ ਫਿਰ ਲੜਨ ਲੱਗੇ। ਇਸ ਤਰ੍ਹਾਂ ਕਈ ਵਾਰ ਹੋਇਆ। ਉਹ ਲੜਾਈ ਨਿਰੰਤਰ ਜਾਰੀ ਰਹੀ।

" ਤੁਸੀਂ ਆਪਸ ਵਿੱਚ ਕਿਉਂ ਲੜ ਰਹੇ ਹੋ ?" ਮੈਂ ਸਵਾਲ ਕੀਤਾ।

"ਤੂੰ ਸਾਨੂੰ ਪੁੱਛਣ ਵਾਲਾ ਕੌਣ ਹੈਂ ?" ਲੜਾਈ ਬੰਦ ਕਰਦੇ ਉਹਨਾਂ 'ਚੋਂ ਇੱਕ ਨੇ ਮੈਨੂੰ ਸਵਾਲ ਕੱਢ ਮਾਰਿਆ।

"ਮੈਂ ਤੁਹਾਡਾ ਹਮਦਰਦ ਹਾਂ, ਮੈਂ ਤੁਹਾਡਾ ਫ਼ੈਸਲਾ ਕਰ ਸਕਦਾ ਹਾਂ,ਤੁਸੀ

ਕਿਹੜਾ ਜ਼ਮੀਨ ਵੰਡਣੀ ਹੈ, ਤੁਸੀ ਕਿਉਂ ਲੜਦੇ ਹੋ ?" ਮੈਂ ਫਿਰ ਕਿਹਾ। "ਹੂੰ.....ਆ.....ਇ.....ਆ.....ਤੂੰ ਸਾਡਾ ਹਮਦਰਦ ਨਹੀਂ ਹੋ ਸਕਦਾ, ਆਦਮੀ ਕਦੇ ਵੀ ਹਮਦਰਦ ਨਹੀਂ ਹੋ ਸਕਦਾ। ਕਦੇ ਆਪਣੇ ਵੱਲ ਵੇਖਿਆ, ਆਪਣੇ ਹਮਜ਼ਿਨਸਾਂ ਵੱਲ ਵੇਖਿਆ. ਜੋ ਬਿਨਾਂ ਕਾਰਨ ਨਿਰਦੋਸ਼ਾ ਦਾ ਲਹੂ ਵਹਾ ਰਹੇ ਨੇ, ਬੇਕਸੂਰਿਆਂ ਨੂੰ ਖ਼ਤਮ ਕਰ ਰਹੇ ਹਨ, ਉਸ ਵੇਲੇ ਇਹ ਹਮਦਰਦੀ ਕਿੱਥੇ ਚਲੀ ਜਾਂਦੀ ਹੈ।" ਇੰਨਾਂ ਕਹਿੰਦੇ ਉਹ ਦੋਵੇਂ ਉੱਡ ਗਏ। ਮੈਨੂੰ ਇਸ ਤਰ੍ਹਾਂ ਜਾਪਿਆ, ਜਿਵੇਂ ਮੇਰੇ ਮੂੰਹ ਨੂੰ ਜੰਦਰਾ ਮਾਰ ਕੇ ਉਹ ਚਾਬੀ ਆਪਣੇ ਨਾਲ ਹੀ ਲੈ ਗਏ ਹੋਣ।

-ਪਰਮਜੀਤ ਪੰਮਾ ਪੇਂਟਰ

## ਦੋਸਤੀ

ਫੋਨ 'ਤੇ ਗੱਲਬਾਤ ਚਲ ਰਹੀ ਸੀ
"ਹੈਲੋ....ਕੌਣ....ਹੈਲੋ.......?"
"ਉਹ ਮੈਂ ਰਾਜਾ।"
"ਰਾਜਾ ?"
"ਹਾਂ ਹਾਂ ਮੈਂ ਰਾਜਾ ਹੀ ਬੋਲ ਰਿਹਾ ਹਾਂ।"
"ਆਵਾਜ਼ ਕਿਵੇਂ ਬਦਲੀ ਬਦਲੀ.......?"
"ਨਈ ਤੈਨੂੰ ਐਵੇਂ ਈ ਲਗਦਾ ਮੈਂ ਤਾਂ ਯਾਰਾਂ ਦਾ ਯਾਰ ਆਂ ਬੋਲ ਤਾਂ ਸਹੀ ਤੇਰੀ ਖ਼ਾਤਰ ਤਾਂ ਜਾਨ ਵੀ ਹਾਜ਼ਰ ਐ ।"
"ਯਾਰ ਤੇਰੀ ਭਰਜਾਈ ਸਖ਼ਤ ਬਿਮਾਰ ਹੈ ਪੰਜ ਹਜ਼ਾਰ ਰੁਪਏ ਦੀ ਸਖ਼ਤ ਜ਼ਰੂਰਤ ਹੈ ਜੇ ਮਿਲ ਜਾਣ ਤਾਂ......।"
ਅੱਗਿਓ ਜਵਾਬ ਤਾਂ ਕੋਈ ਨਈਂ ਆਇਆ ਬਸ ਟੂੰ...ਟੂੰ...ਟੂੰ...ਹੁੰਦੀ ਰਹੀ।

## ਛਿਲਤਰ

ਉਹ ਦੋਵੇਂ ਦੋਸਤ ਸਲਾਹ ਕਰ ਰਹੇ ਸਨ ਪਹਿਲਾਂ ਕਹਿ ਰਿਹਾ ਸੀ "ਜੋ ਸੌ ਰਪਏ ਕੱਢਵਾਣੇ ਹਨ ਤਾਂ ਪੰਦਰਾਂ ਹੋਰ ਖ਼ਰਚਣ ਦੀ ਹੀ ਦੇਰ ਹੈ ਵੇਖਦੇ ਹਾਂ ਕਿਵੇਂ ਨਈਂ ਕੱਢਦਾ।" ਤੇ ਉਹ ਪੰਦਰਾਂ ਖ਼ਰਚ ਕੇ ਆਪਣਾ ਕੰਮ ਕਰ ਗਏ। ਇਹ ਵਿਚਾਰਾ ਪਊਆ ਪੀਕੇ ਸੋਚ ਰਿਹਾ ਸੀ ਕਿ ਹੁਣ ਤਾਂ ਸੌ ਖ਼ਰਚਣਾ ਈ ਪਊਗਾ।

–ਕੁਲਦੀਪ 'ਆਨੰਦ'

# ਮਰਦ

ਮਾਂ ਨੇ ਕੁੜੀ ਨੂੰ ਸਮਝਾਉਂਦਿਆਂ ਕਿਹਾ, "ਕੁੜੀਏ ਮੈਂ ਤੈਨੂੰ ਕਿਹਾ ਕਿ ਤੂੰ ਰੋਜ਼ ਉੱਥੇ ਨਾ ਜਾਇਆ ਕਰ, ਤੈਨੂੰ ਜ਼ਮਾਨੇ ਦਾ ਨਹੀਂ ਪਤੈ ਇਹ ਬੜਾ....................।"

ਕੁੜੀ ਨੇ ਮਾਂ ਨੂੰ ਜਵਾਬ ਦਿੰਦਿਆਂ ਕਿਹਾ," ਮਾਂ ਤੈਨੂੰ ਨਹੀਂ ਪਤਾ, ਮੇਰੇ ਗੁਰੂ ਜੀ ਕਿੰਨੇ ਚੰਗੇ ਨੇ, ਉਹ ਤੇ ਮੈਨੂੰ ਆਪਣੀਆਂ ਕੁੜੀਆ ਵਾਂਗ ਸਮਝਦੇ ਆਂ ,ਮੇਰੇ ਦਿਲ ਵਿੱਚ ਵੀ ਉਨ੍ਹਾਂ ਲਈ ਅਥਾਹ ਸਤਿਕਾਰ ਹੈ।"

ਸਮਾਂ ਬੀਤਦਾ ਗਿਆ ਮਾਂ ਨੇ ਕੁੜੀ ਨੂੰ ਕੁੜੀ ਨੂੰ ਕਹਿਣਾ ਛੱਡ ਦਿੱਤਾ 'ਤੇ ਇੱਕ ਦਿਨ ਗੁਰੂ ਨੇ......।

ਅੱਜ ਕੁੜੀ ਨੂੰ ਪਤਾ ਚੱਲ ਗਿਆ ਸੀ ਮਰਦ ਪਹਿਲਾਂ ਮਰਦ ਹੁੰਦਾ ਹੈ 'ਤੇ ਗੁਰੂ ਬਾਦ ਵਿੱਚ..........।

-ਬਲਵੀਰ ਕੌਰ 'ਵੀਰ ਗੀਹਲ'

# ਪਿੰਜਰੇ

ਵਿਆਹ ਕੇ ਆਈ ਪ੍ਰੀਤੀ ਨੇ ਆਪਣੇ ਪਤੀ ਨੂੰ ਕਿਹਾ, " ਆਪਣੇ ਵਿਆਹ ਨੂੰ ਚਾਰ ਮਹੀਨੇ ਬੀਤ ਚੁੱਕੇ ਹਨ। ਆਪਾਂ ਕਿਤੇ ਘੁੰਮਣ ਵੀ ਨਹੀਂ ਗਏ। ਦੋ ਚਾਰ ਦਿਨਾਂ ਲਈ ਕਿਤੇ ਘੁੰਮਾ ਫਿਰਾ ਈ ਲਿਆਉ।"

ਪਤੀ ਦੇ ਚਿਹਰੇ ਦੇ ਤੇਵਰ ਬਦਲਣ ਲੱਗੇ। ਉਹ ਬੋਲਿਆ, " ਮੈਨੂੰ ਘੁੰਮਣ ਫਿਰਨ ਦਾ ਬਹੁਤਾ ਸ਼ੌਂਕ ਨਹੀਂ ਹੈ। ਨਾ ਹੀ-ਮੇਰੇ ਕੋਲ ਅਜਿਹਾ ਕਰਨ ਲਈ ਫਾਲਤੂ ਸਮਾਂ ਹੈ, ਤੂੰ ਆਪਣੇ ਤੂੰ ਆਪਣੇ ਇਹ ਸ਼ੌਂਕ ਵਿਆਹ ਤੋਂ ਪਹਿਲਾਂ ਪੂਰੇ ਕਰਨੇ ਸਨ।"

ਪਤਨੀ ਇੱਕ ਅਚੇਤ ਯਾਦ ਵਿੱਚ ਗੁਆਚ ਕੇ ਰਹਿ ਗਈ। ਉਸਨੂੰ ਆਪਣੇ ਪਿਤਾ ਦੇ ਉਹ ਬੋਲ ਵਾਰ-ਵਾਰ ਯਾਦ ਆਏ, ਜਦੋਂ ਉਹ ਉਨ੍ਹਾਂ ਨੂੰ ਘੁੰਮਣ ਫਿਰਨ ਲਈ ਆਖਿਆ ਕਰਦੀ ਸੀ 'ਤੇ ਪਿਤਾ ਜੀ ਕਿਹਾ ਕਰਦੇ ਸਨ, "ਤੇਰੀ ਸਾਰੀ ਉਮਰ ਪਈ ਹੈ ਸੈਰਾਂ ਕਰਨ ਲਈ ਤੂੰ ਵਿਆਹ ਤੋਂ ਬਾਆਦ ਆਪਣੇ ਪਤੀ ਨਾਲ ਜਾਇਆ ਕਰੀਂ।"

ਇਨ੍ਹਾਂ ਯਾਦਾਂ ਚੋਂ ਜਦੋਂ ਉਸਨੂੰ ਜਾਗ ਆਈ ਤਾਂ ਉਹ ਮਹਿਸੂਸ ਕਰ ਰਹੀ ਸੀ ਜਿਵੇਂ ਉਸਦੀ ਗੱਲ ਮੰਨਣ ਵਾਲਾ ਕੋਈ ਨਹੀਂ। ਨਾ ਪਿਤਾ, ਨਾ ਪਤੀ।

-ਸੁਧੀਰ ਕੁਮਾਰ ਸੁਧੀਰ

# ਆਂਦਰਾਂ ਦੀ ਖਿੱਚ

ਬਾਰਿਸ਼ ਬਹੁਤ ਜ਼ੋਰਾਂ 'ਤੇ ਸੀ। ਗੁਰਮੀਤ ਨੇ ਘਰ ਵੜਦਿਆਂ ਹੀ ਸਾਇਕਲ ਖੜ੍ਹਾ ਕੀਤਾ। ਉਸਦੇ ਕੱਪੜੇ ਪੂਰੀ ਤਰ੍ਹਾਂ ਭਿੱਜ ਚੁੱਕੇ ਸਨ। ਆਉਂਦਿਆਂ ਹੀ ਉਹ ਮਾਂ ਨੂੰ ਗੁੱਸੇ ਨਾਲ ਬੋਲਿਆ,

"ਮਾਂ, ਏਹ ਕੀ ? ਮੈਂ ਤੇ ਬਾਹਰੋਂ ਮੀਂਹ ਚੋਂ ਆਇਆਂ ਮੈਂ ਤਾਂ ਭਿੱਜਣਾ ਹੀ ਸੀ 'ਤੇ ਤੂੰ ਘਰ ਬੈਠੀ ਨੇ ਹੀ ਆਪਣੇ ਕੱਪੜੇ ਭਿਉਂ ਲਏ ਈ।"

ਮਾਂ ਨੇ ਕਿਹਾ, "ਪੁੱਤ ਕਦੋਂ ਤੋਂ ਤੈਨੂੰ ਉਡੀਕਦੀ ਪਈ ਸਾਂ। ਬਾਰੀ 'ਚੋਂ ਝਾਤੀਆਂ ਮਾਰ-ਮਾਰ ਤੇਰਾ ਰਾਹ ਵੇਖਦੀ 'ਤੇ ਚਾਰ ਛਿੱਟਾਂ ਪੈ ਗਈਆਂ ਫੇਰ ਕੀ ਹੋਇਆ, ਮੈਂ ਸੋਚਦੀ ਸਾਂ ਏਨੇ ਤੇਜ ਮੀਂਹ 'ਚ ਪਤਾ ਨੀਂ ਤੂੰ ਬੈਠਾ ਹੋਣਾ।"

"ਤਾਂ ਕੀ ਹੋਇਆ, ਆਉਂਣਾ ਤਾਂ ਮੈਂ ਘਰ ਈ ਸੀ, ਤੂੰ ਕੱਪੜੇ ਭਿਉਂ ਲਏ ਈ। ਜੇ ਬਿਮਾਰ ਪੈ ਗਈ ਤੇ ਹੋਰ ਰਾਹ ਜਾਂਦਾ ਵਖਤ ਪਊ।"

"ਚੱਲ ਛੱਡ, ਦੱਸ ਤੇਰੇ ਲਈ ਰੋਟੀ ਲਿਆਵਾਂ ?" ਮਾਂ ਨੇ ਪੁੱਛਿਆ। "ਹਾਂ ਲਿਆ ਰੋਟੀ, ਭੁੱਖ ਬੜੀ ਲੱਗੀ ਆ।" ਗੁਰਮੀਤ ਨੇ ਜੁੱਤੀ ਲਾਹੁੰਦਿਆਂ ਆਪਣੇ ਪੁੱਤਰ ਬਾਰੇ ਪੁੱਛਿਆ, "ਮਾਂ, ਬੰਟੀ ਗਿਆ ਸਕੂਲੋਂ ?"

"ਨਾ ਪੁੱਤ ਅਜੇ ਤਾਂਈਂ ਨੀਂ ਆਇਆ।"

ਰਸੋਈ 'ਚੋਂ ਆਵਾਜ਼, ਆਈ।

ਏਨਾ ਸੁਣਦਿਆਂ ਹੀ ਗਿੱਲੇ ਕੱਪੜਿਆਂ ਸਮੇਤ ਗੁਰਮੀਤ ਨੇ ਭੱਜ ਕੇ ਸਾਇਕਲ ਫੜ੍ਹਿਆ। ਨੰਗੇ ਪੈਰੀ ਸਾਇਕਲ 'ਤੇ ਸਵਾਰ ਹੋ ਕੇ ਅੱਖ-ਝਮਕਦਿਆਂ ਬੰਟੀ ਨੂੰ ਸਕੂਲੋਂ ਲਿਆਉਂਣ ਲਈ ਘਰੋਂ ਬਹਾਰ ਹੋ ਗਿਆ। ਮਾਂ ਹੱਥ ਵਿੱਚ ਰੋਟੀ ਦੀ ਥਾਲੀ ਫੜ੍ਹੀ ਰਸੋਈ ਵਿੱਚੋਂ ਬਹਾਰ ਆਈ ਅਤੇ ਮੁਸਕਰਾਉਂਦੀ ਹੋਈ ਬੋਲੀ, "ਪੁੱਤ ਮੇਰੇ ਕੱਪੜੇ ਤਾਂ ਏਨੇ ਨ੍ਹੀਂ ਸੀ ਭਿੱਜੇ, ਜਿੰਨੇ ਤੇਰੇ।"

-ਸੰਦੀਪ ਸਿੰਘ ਧੰਜੂ

# ਹਲਾਤ ਹੀ ਐਸੇ ਹਨ

ਚੋਰਸਤੇ ਵਿੱਚ ਪਈ ਲਾਸ਼ ਨੂੰ ਵੇਖ ਕੇ ਜਿਹੜਾ ਵੀ ਕੋਲੋਂ ਲੰਘਦਾ ਇਹ ਕਹਿਕੇ ਅੱਗ ਨੂੰ ਤੁਰਦਾ ਬਣਦਾ " ਹਲਾਤ ਹੀ ਐਸੇ ਹਨ ਕੋਈ ਕਰ ਵੀ ਕੀ ਸਕਦਾ ਹੈ।"

-ਕੁਲਦੀਪ ਸਿੰਘ ਅਰਸ਼ੀ

# ਸੁੱਖ ਦੇ ਦਿਨ

ਵਿਰਸੇ ਵਿੱਚ ਉਸਨੂੰ ਦੋ ਕਮਰੇ ਹੀ ਤਾਂ ਮਿਲੇ ਸਨ, ਉਹ ਵੀ ਪੜ੍ਹਾਈ ਕਾਰਨ ਗਿਰਵੀ ਰਖੇ ਹੋਏ।

ਜ਼ਿੰਦਗੀ ਭਰ ਉਸਨੇ ਬੜੀ ਮਿਹਨਤ ਕੀਤੀ। ਘਰ ਬਣਾਇਆ, ਵਿਆਹ ਕਰਾਇਆ, ਬੱਚੇ ਪਾਲੇ, ਪੜ੍ਹਾਏ 'ਤੇ ਚੋਖੀ ਜਾਇਦਾਦ ਵੀ ਬਣਾ ਲਈ। ਉਸਨੇ ਹਰ ਤਰ੍ਹਾਂ ਦੇ ਪਦਾਰਥ ਸੁਖ ਦਾ ਸਧਾਰ ਦੇ ਜੁਟਾ ਲਿਆ ਸੀ। ਪਰ ਉਸ ਨੂੰ ਆਪਣੇ ਦੋਵੇਂ ਮੁੰਡਿਆਂ ਦੇ ਭਵਿੱਖ ਦੀ ਚਿੰਤਾ ਸੀ, ਜਿਹੜੇ ਨਾ ਤਾਂ ਨੌਕਰੀ ਕਰਨ ਲਈ ਤਿਆਰ ਸਨ 'ਤੇ ਨਾ ਕਾਰੋਬਾਰ। ਸਾਰਾ ਦਿਨ ਮਟਰ ਗਸ਼ਤੀ ਕਰਦੇ, ਨਸ਼ੇ ਵਰਤਦੇ'ਤੇ ਧੰਨ ਬਰਬਾਦ ਕਰਦੇ ਰਹਿੰਦੇ। ਵਿਆਹ ਤੋਂ ਬਾਅਦ ਦੋਵੇਂ ਮੁੰਡੇ ਅਲੱਗ ਰਹਿਣ ਲੱਗ ਪਏ ਸਨ।

ਉਹ ਬਿਮਾਰੀ ਨਾਲ ਮੰਜੇ 'ਤੇ ਪਿਆ ਉਮਰ ਦੀਆਂ ਆਖ਼ਰੀ ਘੜੀਆਂ ਗਿਣਦਾ ਸੋਚਦਾ 'ਔਲਾਦ ਖ਼ਾਤਿਰ ਮੈਂ ਆਪਣਾ ਆਪ ਰੋਲ ਦਿੱਤਾ। ਸਾਰੀ ਉਮਰ ਇਨ੍ਹਾਂ ਦਾ ਭਵਿੱਖ ਸੰਵਾਰਨ ਲਈ ਲਗਾ ਦਿੱਤੀ ਪਰ ਏਨ੍ਹੀਂ ਦਿਨੀਂ ਪਾਣੀ ਦੀ ਘੁੱਟ ਦੇਣ ਵਾਲਾ ਵੀ ਕੋਈ ਨਹੀਂ।' ਨਕਦੀ ਖ਼ਤਮ ਹੋਣ 'ਤੇ ਮੁੰਡਿਆਂ ਨੇ ਜਾਇਦਾਦ ਨੂੰ ਵਾਢਾ ਧਰ ਲੈਣ 'ਤੇ ਉਹ ਪਛਤਾ ਰਿਹਾ ਸੀ, 'ਇਸ ਤੋਂ ਚੰਗਾਂ ਹੁੰਦਾ ਜੇ ਆਪ ਹੀ ਚਾਰ ਦਿਨ ਸੁੱਖ ਦੇ ਕੱਟ ਲਏ ਹੁੰਦੇ।'

–ਸੁਰਿੰਦਰ ਕੈਲੇ

# ਅਲਵਿੱਦਾ

ਉਹ ਸੋਹਣਾ ਪੰਛੀ ਉੱਡਦਾ-ਉੱਡਦਾ ਰੁੱਖ ਦੀ ਟੀਸੀ 'ਤੇ ਆ ਬੈਠਾ। ਜਿਸ ਟਾਹਣੀ 'ਤੇ ਉਹ ਪੰਛੀ ਬੈਠਾ ਉਹ ਬੜੀ ਕੋਮਲ ਅਤੇ ਲਚਕਦਾਰ ਸੀ। ਪੰਛੀ ਦੇ ਬੈਠਣ ਸਾਰ ਉਹ ਟਾਹਣੀ ਝੂਲਣ ਲੱਗ ਪਈ। ਪੰਛੀ ਵੀ ਹੁਲਾਰੇ ਲੈਣ ਲੱਗਾ।

ਅਚਾਨਕ ਉਸ ਨੀਲੇ ਆਕਾਸ਼ ਵੱਲ ਤੱਕਿਆ। ਦੂਰ ਅੰਬਾਂ ਦੇ ਝੁੰਡ ਵਿੱਚ ਕੋਇਲ ਕੂਹ-ਕੂਹ ਕਰ ਰਹੀ ਸੀ। ਕਿਧਰੇ ਨੇੜੇ ਹੀ ਬੁਲਬੁਲ ਮਿੱਠਾ ਗੀਤ ਗਾ ਰਹੀ ਸੀ। ਭੌਰੇ ਫੁੱਲਾਂ ਦੁਆਲੇ ਮੰਡਰਾ ਰਹੇ ਸਨ। ਮੋਰ ਪੈਲਾਂ ਪਾ ਰਹੇ ਸਨ। ਘੁੱਗੀਆਂ 'ਤੇ ਤਿੱਤਲੀਆਂ ਨੱਚ ਰਹੀਆਂ ਸਨ। ਪੰਛੀਆਂ ਦੀ ਚਹਿਕ ਦਾ ਮਿੱਠਾ-ਮਿੱਠਾ 'ਤੇ ਮੱਠਾ-ਮੱਠਾ ਸ਼ੋਰ ਮਨ ਨੂੰ ਧੂਹ ਪਾ ਰਿਹਾ ਸੀ। ਵਾਤਾਵਰਣ ਬਹੁਤ ਹੀ ਸੁੰਗਧਿਤ ਸੀ।

ਪੰਛੀ ਟਾਹਣੀ ਉੱਤੇ ਹਾਲੇ ਵੀ ਝੂਲ ਰਿਹਾ ਸੀ ਮਦਮਸਤ ਹੋ ਕੇ ਉਸ ਨੂੰ ਯੱਕਾ-ਯੱਕ ਇੰਜ ਲੱਗਾ ਜਿਵੇਂ ਕੋਈ ਦੂਰੋਂ ਉਸ ਨੂੰ ਬੁਲਾ ਰਿਹਾ ਹੋਵੇ, ਪੁਕਾਰ ਰਿਹਾ ਹੋਵੇ।

ਉਸ ਝੱਟ ਆਪਣੀ ਉਡਾਰੀ ਉੱਧਰ ਨੂੰ ਭਰ ਲਈ। ਕੁਝ ਦੂਰ ਜਾ ਕੇ ਉਸ ਪਿਛਾਂਹ ਵੱਲ ਤੱਕਿਆ। ਉਹ ਡਾਲ੍ਹੀ ਵੀ ਝੂਲ ਰਹੀ ਸੀ ਜਿਵੇਂ ਆਖ ਰਹੀ ਹੋਵੇ ਜਾਣ ਵਾਲੇ ਆਲਵਿੱਦਾ।

-ਪ੍ਰੀਤਮ ਪਰਵਾਜ਼

# ਆਪੋ ਆਪਣੀ ਸੋਚ

ਹਰੇਕ ਕੁੜੀ ਕੱਤਰੀ, ਨੂੰਹ ਧੀ ਦੀ ਇੱਜ਼ਤ ਦੇ ਸਾਂਝੀ ਅਤੇ ਹਰੇਕ ਨੂੰ ਬਣਦਾ ਇੱਜ਼ਤਮਾਣ ਦੇਣ ਵਾਲੇ, ਮਨਜੋਤ ਨੇ ਆਪਣੇ ਗੁਆਂਢੀ ਦੀ ਛੋਟੀ ਬਹੂ ਨੂੰ ਬੱਸ ਵਿੱਚ ਬੈਠੀ ਉਸਦੀ ਸੱਸ ਦੇ ਬਰਾਬਰ ਖੜੀ ਦੇਖਿਆ, ਉਸਨੇ ਇੱਜ਼ਤ ਵਜੋਂ ਆਪਣੀ ਸੀਟ ਉਸ ਲਈ ਛੱਡ ਦਿੱਤੀ।

ਕੁਝ ਦਿਨਾਂ ਬਾਅਦ ਬੱਸ ਵਿੱਚ ਜ਼ਿਆਦਾ ਭੀੜ ਹੋਣ ਕਾਰਨ ਸੀਟ ਨਾ ਮਿਲਣ ਕਰਕੇ ਮਨਜੋਤ ਖੜਾ ਸੀ ਕੁਦਰਤੀ ਉਸੇ ਦਿਨ ਬੱਸ ਵਿੱਚ ਹੀ ਗਲਤ ਫ਼ਹਿਮੀ ਦਾ ਸ਼ਿਕਾਰ ਹੋਈ ਭੋਲੂਕਿਆਂ ਦੀ ਉਹੀ ਬਹੂ ਮਨਜੋਤ ਦੇ ਬਿਲਕੁਲ ਲਾਗੇ ਹੀ ਖੜੀ ਸੀ। ਉਸਨੇ ਆਲਾ ਦੁਆਲਾ ਦੇਖ ਬੜੀ ਚਲਾਕੀ ਨਾਲ ਮਨਜੋਤ ਦੇ ਕੰਨ ਵਿੱਚ ਹੌਲੀ ਜਹੀ ਕਿਹਾ,"ਤੁਸੀਂ ਕੱਲ ਨੂੰ ਮੈਨੂੰ ਛਪਾਰ 'ਚ ਮਿਲਿਓ." ਉਸਦੀ ਇਹ ਗੱਲ ਸੁਣ ਮਨਜੋਤ ਹੱਕਾ-ਬੱਕਾ ਰਹਿ ਗਿਆ।

-ਮੋਹਣ ਸਿੰਘ ਮਲਹਾਸ

# ਸਲਾਹ

ਵਿੱਦੋ ਦੇ ਤਿੰਨੇ ਪੁੱਤਰ ਵਿਆਹੇ ਹੋਏ ਸਨ। ਘਰ 'ਚ ਉਸ ਦੇ ਪੋਤੇ-ਪੋਤੀਆਂ ਉਸ ਨੂੰ ਬੇਹਦ ਪਿਆਰ ਕਰਦੇ ਸਨ। ਬਜ਼ੁਰਗ ਹੋਣ ਕਾਰਨ ਵਿੱਦੋ ਕਮਰੇ 'ਚ ਪਈ ਖੰਘਦੀ ਰਹਿੰਦੀ। ਉਸਦੇ ਨੂੰਹ-ਪੁੱਤਰਾਂ ਦੀ ਨਜ਼ਰ ਉਸ ਦੀ ਬਜਾਏ ਜਾਇਦਾਦ ਵੱਲ ਜ਼ਿਆਦਾ ਸੀ। ਨੂੰਹਾਂ ਨੂੰ ਫਿਕਰ ਸੀ ਕਿ ਕਿਤੇ ਜਾਇਦਾਦ ਵੰਡੇ ਬਿਨਾਂ ਹੀ.......।

ਅਖ਼ੀਰ ਵਿੱਦੋ ਨੇ ਆਪਣੀ ਸਾਰੀ ਜਾਇਦਾਦ ਤਿੰਨਾਂ ਪੁੱਤਰਾਂ 'ਚ ਬਰਾਬਰ-ਬਰਾਬਰ ਵੰਡ ਦਿੱਤੀ। ਹੁਣ ਉਸ ਦੇ ਪੁੱਤਰ ਬਜ਼ੁਰਗ ਵਿੱਦੋ ਨੂੰ ਕਿਸੇ ਅਨਾਥ ਆਸ਼ਰਮ ਛੱਡ ਆਉਣ ਲਈ ਸਲਾਹ ਕਰਨ ਲੱਗੇ।

-ਸਤੀਸ਼ ਦਰਦੀ

ਜਾਗ੍ਰਤੀ

"ਪੱਪੂ ਭਾਜੀ......ਕੱਲ੍ਹ ਦਾਦਾ ਜੀ ਕਹਿੰਦੇ ਸੀ ਕਿ ਬੰਦਿਆਂ 'ਚ ਮੋਹ-ਪਿਆਰ ਬਿਲਕੁਲ ਨਹੀਂ ਰਿਹਾ ਪਰ ਜਾਨਵਰਾਂ 'ਚ ਹਾਲੇ ਵੀ ਦੂਜੇ ਜਾਨਵਰਾਂ ਲਈ ਹਮਦਰਦੀ ਤੇ ਪਿਆਰ ਮੌਜੂਦ ਹੈ।"

"ਫੇਰ........?"

"ਤਾਂ ਫੇਰ ਮੈਨੂੰ ਦੱਸੋ ਕਿ ਜਦੋਂ ਕੋਈ ਉਪਰਾ ਕੁੱਤਾ ਆਪਣੇ ਮੁਹੱਲੇ 'ਚ ਆ ਜਾਵੇ ਤੰ ਆਵਾਰਾ ਕੁੱਤੇ ਜਿਨ੍ਹਾਂ ਨੂੰ ਸਾਰੇ ਭੋਲੂ ਤੇ ਜੈਕੀ ਕਹਿੰਦੇ ਹਨ।ਉਸ ਕੁੱਤੇ ਨੂੰ ਭੌਂਕਣ ਕਿਉਂ ਲੱਗ ਪੈਂਦੇ ਹਨ.....?"

"ਕਿਉਂ ਕਿ ਇਹ ਹੁਣ ਭੋਲੇ ਭਾਲੇ ਤੇ ਵਫਾਦਾਰ ਹੀ ਨਹੀਂ ਰਹੇ ਸਗੋਂ ਆਪਣੇ ਹੱਕਾਂ-ਫਰਜ਼ਾਂ ਪ੍ਰਤੀ ਜਾਗਰੂਕ ਵੀ ਹੋ ਗਏ ਹਨ।"

" ਕੀ ਮਤਲਬ ਭਾਜੀ ?"

"ਮਤਲਬ ਕਿ ਹੁਣ ਇਹ ਸਮਝ ਗਏ ਹਨ ਕਿ ਹੋਰ ਕੁੱਤੇ ਏਥੇ ਆਉਣ ਨਾਲ ਇਨ੍ਹਾਂ ਦੀ ਰੋਟੀ ਖ਼ਤਰੇ 'ਚ ਪੈ ਜਾਵੇਗੀ 'ਤੇ ਕਈ ਹਿੱਸਿਆਂ 'ਚ ਵੰਡੀ ਜਾਵੇਗੀ।

ਇਸੇ ਲਈ ਭੌਂਕਦੇ ਹਨ ਤਾਂ ਕਿ ਉਹ ਜਿੱਥੋਂ ਆਇਆ ਉੱਥੇ ਹੀ ਚਲਾ ਜਾਵੇ।"

"ਤੂੰ..... ਹੁਣ ਮੈਂ ਸਮਝਿਆ ਤੁਹਾਨੂੰ ਗਰੀਸ ਵਾਲਿਆਂ ਨੇ ਫੜ੍ਹਕੇ ਵਾਪਸ ਕਿਉਂ ਭੇਜ ਦਿੱਤਾ।"

-ਜਗਦੀਸ਼ ਰਾਣਾ

# ਬੋਹਣੀ

ਵਿਚਾਰਾ ਬੰਦਾ, ਟੁੱਟਾ ਹੋਇਆ। ਚੌਂਕ ਵਿੱਚ ਪੱਥਰ ਬਣਿਆ ਖੜਾ ਸੀ। ਹੁਣ ਕੀ ਕਰੇ 'ਤੇ ਕੀ ਨਾ ਕਰੇ । ਉਸਦਾ ਇਕੋ-ਇੱਕ ਜੀਅ ਪੁੱਤਰ ਘਰ ਵਿੱਚ ਬੀਮਾਰ ਸੀ। ਇਲਾਜ ਲਈ ਕੋਈ ਪੈਸਾ ਨਹੀਂ ਸੀ ਕੋਲ । ਕਈ ਦਿਨਾਂ ਤੇ ਏਸੇ ਕਾਰਨ ਕਰਕੇ ਰਿਕਸ਼ਾ ਵੀ ਚਲਾ ਸਕਿਆ। ਪੁੱਤਰ ਦੀ ਦੇਖ ਹਾਲ ਕਰਦਾ ਰਿਹਾ।

ਉਸ ਰਿਕਸ਼ਾ ਤੋਰਿਆ। ਮੂਹਰਲਾ ਟਾਇਰ ਖ਼ਾਲੀ ਸੀ। ਹਵਾ ਨਿਕਲੀ ਹੋਈ ਸੀ। ਰਿਕਸ਼ਾ ਖਿਚ ਕੇ ਉਹ ਦੁਕਾਨ 'ਤੇ ਲਿਆਇਆ। ਹਵਾ ਭਰਾ। ਜਾਣ ਲੱਗਾ, ਮਕੈਨਿਕ ਬੋਲਿਆ, " ਇੱਕ ਰੁਪਈਆ....ਵੋਹਣੀ ਕਰਨੀ ਏ, ਮੈਂ ਤੇ ਹਾਲੇ।"

ਉਸਨੇ ਆਪਣੀ ਜੇਬ 'ਚ ਹੱਥ ਮਾਰਿਆ, ਰੱਬ-ਸਬੱਬੀ ਇਕੋ ਹੀ ਰੁਪਈਆ ਨਿਕਲਿਆ 'ਤੇ ਉਹ ਉਸਨੂੰ ਦੇ ਕੇ ਟੁਰ ਗਿਆ। ਚੋਂਕ ਵਿੱਚ ਜਾ ਕੇ ਖੜ੍ਹਾ ਹੋਇਆ ਹੀ ਸੀ ਕਿ ਪੁਲਸੀਆ ਆ ਧਮਕਿਆ," ਉਏ ਵੀਹ ਵਾਰੀ ਕਿਹੇ ਥੋਨੂੰ ਭੈਣ ਦਿਉ.....ਏਥੇ ਫੇ.....।" ਅੱਛਾ ਜਨਾਬ ਜਾ ਰਿਹਾ ।" ਉਹ ਰਿਕਸ਼ਾ ਤੋਰਨ ਲੱਗਾ।

"ਨਹੀਂ-ਨਹੀਂ ਥੋਨੂੰ ਏਦਾਂ ਅਕਲ......। ਹਵਾ ਕੱਢਦਾ ਸਾਲੇ ਦੀ.......।"

ਝੂ-ਅੰ-ਅੰ-ਕਰਦੇ ਹਵਾ ਨਿਕਲ ਗਈ ਸੀ।

-ਨਿੰਦਰ ਘੁਗਿਆਣਵੀ

# ਕਰਫ਼ਿਊ ਦਾ ਕਹਿਰ

ਰਾਤ ਦਾ ਸਮਾਂ ਠੰਡ ਬੜੀ ਸੀ। ਸਾਰਾ ਸ਼ਹਿਰ ਠੰਡ ਕਰਕੇ ਸੁੰਗੜਿਆ ਪਿਆ ਸੀ। ਕਰਫ਼ਿਊ ਲੱਗਣ ਕਰਕੇ ਹੋਰ ਜ਼ਿਆਦਾ ਸੁੰਗੜ ਗਿਆ। ਹੋਮ ਗਾਰਡ ਦਾ ਇਕ ਜੁਆਨ, ਭੁੱਖ 'ਤੇ ਠੰਡ ਨਾਲ ਦਰੜੇ ਹੋਏ ਇੱਕ ਮਰੀਅਲ ਜਿਹੇ ਬੰਦੇ ਨੂੰ ਬੈਂਤ ਦੀ ਸੋਟੀ ਨਾਲ ਕੁਟਦਾ ਹੋਇਆ ਚੋਂਕ 'ਚ ਖੜ੍ਹਾ ਹੌਲਦਾਰ ਕੋਲ ਘੜੀਸ ਲਿਆਇਆ।"

"ਸਾਹਬ, ਇਹ ਬਾ......ਹਰ ਸੜਕ 'ਤੇ ਖੜ੍ਹਾ ਸੀ।" ਹੋਮ ਗਾਰਡ ਦੇ ਜੁਆਨ ਨੂੰ ਸਾਹ ਚੜ੍ਹਿਆ ਹੋਇਆ ਸੀ।

"ਕਿਉਂ ਓਏ,ਤੈਨੂੰ ਨਹੀਂ ਪਤਾ, ਕਰਫ਼ਿਊ ਲਗਿਆ ਹੋਇਐ ? ਤੂੰ ਆਪਣੇ ਘਰੇ ਟਿਕ ਕੇ ਨਹੀਂ ਬਹਿ ਸਕਦਾ ? ਸਾਲਿਆ, ਜੇ ਅਸੀਂ ਤੈਨੂੰ ਗੋਲੀ ਮਾਰ ਦੇਈਏ, ਫਿਰ ।" ਹੌਲਦਾਰ ਨੇ ਵੀ ਦੋ-ਚਾਰ ਥੱਪੜ ਉਹਦੇ ਮਾਰ ਦਿੱਤੇ।

ਉਹ ਬੰਦਾ ਆਪਣੇ ਜਿਸਮ 'ਚ ਪੈ ਰਹੀਆਂ ਚੀਸਾਂ ਨੂੰ ਸਹਿੰਦਾ ਹੋਇਆ ਬੜੀ ਮੁਸ਼ਕਿਲ ਨਾਲ ਸਕਿਆ, "ਸਾਹਬ, ਮੈਨੂੰ ਗੋਲੀ ਮਾਰ ਦਿਉ। ਮੇਰਾ ਕੋਈ ਘਰ ਨ੍ਹੀਂ ਹੈਗਾ।"

-ਨੂਰ ਸੰਤੋਖ਼ਪੁਰੀ

# ਬੇਤਾਜ

"ਭਾਪਾ , ਹੁਣ ਤਾਂ ਫ਼ੀਸ ਦੇ ਦਿਓ, ਇੱਕ ਹਫ਼ਤੇ ਤੋਂ ਮੇਰੇ ਮਾਸਟਰ ਮੈਨੂੰ ਧਮਕੀਆਂ ਦੇ ਰਹੇ ਹਨ ਕਿ ਜੇ ਤੂੰ ਕੱਲ੍ਹ ਫ਼ੀਸ ਨਾ ਲਿਆਂਦੀ ਤਾਂ ਤੈਨੂੰ ਸਕੂਲ ਵਿੱਚੋਂ ਕੱਢ ਦੇਵਾਗੇ।" ਸਕੂਲ ਜਾਣ ਸਮੇਂ ਸਰਤਾਜ ਆਪਣੇ ਪਿਤਾ ਅੱਗੇ ਫ਼ੀਸ ਲਈ ਤਰਲੇ ਕਰ ਰਿਹਾ ਸੀ।

"ਜਾਹ ਬੇਟਾ ਕਹਿ ਦਈਂ ਕਿ ਮੇਰਾ ਭਾਪਾ ਜ਼ਿਆਦਾ ਬਿਮਾਰ ਹੈ 'ਤੇ ਉਹ ਠੀਕ ਹੋਣ ਉਪੰਰਤ ਫ਼ੀਸ ਦੇ ਦਏਗਾ।" ਪਹਿਲਾਂ ਦੀ ਤਰ੍ਹਾਂ ਅੱਜ ਵੀ ਬਿਮਾਰ ਪਿਤਾ ਨੇ ਕਿਹਾ।

ਸਰਤਾਜ ਉਦਾਸਿਆ ਹੋਇਆ ਜਮਾਤ ਵਿੱਚ ਕੁਝ ਲੇਟ ਪਹੁੰਚਿਆ ਤਾਂ ਮਾਸਟਰ ਨੇ ਫ਼ੀਸ ਵਾਲੀ ਗੱਲ ਦੁਹਰਾਈ। "
ਮਾਸਟਰ ਜੀ ਮੈਂ ਫ਼ੀਸ ਨਹੀਂ ਲਿਆ ਸਕਿਆ। ਮੈਂ ਤੁਹਾਨੂੰ ਪਹਿਲਾਂ ਵੀ ਕਿਹਾ ਸੀ ਕਿ ਮੇਰੇ ਭਾਪਾ ਜੇ ਫ਼ੀਸ ਨਹੀਂ ਦੇ ਸਕਦੇ।"

'ਨਹੀਂ ਸ਼ਬਦ ਸੁਣਦਿਆਂ ਹੀ ਮਾਸਟਰ ਨੇ ਸਰਤਾਜ ਦਾ ਬਸਤਾ ਜਮਾਤ ਵਿੱਚੋਂ ਬਾਹਰ ਸੁੱਟਦੇ ਕਿਹਾ,"ਫ਼ੀਸ ਭਰਨੀ ਨਹੀਂ, ਮੂੰਹ ਚੁੱਕ ਕੇ ਸਕੂਲ 'ਚ ਆ ਵੜਦਾ।"

ਹੁਣ ਉਹ ਭਵਿੱਖ ਵਿੱਚ ਡੁੱਬਾ ਆਪਣੇ ਆਪ ਨੂੰ ਸਰਤਾਜ ਤੋਂ ਬੇਤਾਜ ਸਮਝਦਾ ਹੋਇਆ ਸਕੂਲ ਦੇ ਮੁੱਖ ਗੇਟ 'ਤੇ ਲਿਖੇ ਵਾਕ 'ਸਿੱਖਣ ਲਈ ਆਓ ਸੇਵਾ ਲਈ ਜਾਓ, ਵਿੱਚ ਗੁਆਚ ਗਿਆ, ਜੋ ਮਾਸਟਰ ਦੁਆਰਾ ਕੀਤੀ ਗਈ ਸੇਵਾ ਰਾਹੀਂ,
'ਸਿੱਖਣ ਵਾਲੀ ਗੱਲ' ਇੱਕ ਯਾਦ ਬਣਦੀ ਜਾ ਰਹੀ ਸੀ।

-ਮਲਕੀਤ ਮੰਢਾਲੀ

# ਦਿਲਾਸਾ

ਧੀ ਪਹਿਲੀ ਵਾਰੀ ਸਹੁਰਿਓਂ ਪਰਤੀ ਸੀ। ਉਹਦੀਆਂ ਨਜ਼ਰਾਂ ਵਾਰ-ਵਾਰ ਧੀ ਦੇ ਚਿਹਰੇ ਨੂੰ ਟੋਹ ਰਹੀਆਂ ਸਨ ਕਿ ਸਹੁਰਿਆਂ ਬਾਰੇ ਕੋਈ ਗੱਲ ਕਰੇ। ਪਰ ਧੀ ਚੁੱਪ ਸੀ 'ਤੇ ਉਹ ਉਹਦੀ ਚੁੱਪ ਤੋਂ ਕੋਈ ਵੀ ਅੰਦਾਜ਼ਾ ਨਹੀਂ ਸੀ ਲਾ ਸਕੀ। ਰੋਟੀ-ਟੁੱਕ ਤੋਂ ਵਿਹਲੇ ਹੋਕੇ ਚੁੱਲ੍ਹੇ ਦੇ ਬੁਝ ਰਹੇ ਅੰਗਿਆਰ ਫਰੋਲਦਿਆਂ ਧੀ ਨੇ ਹੌਲੀ ਜਿਹੀ ਕਿਹਾ।

"ਬੇਬੇ ਤੇਰਾ ਜਵਾਈ ਤਾਂ ਆਂਹਦਾ, ਬੱਸ ਆਹ ਕੁਝ ਹੀ ਦੇਣਾ ਸੀ'ਤੇ ਮੈਨੂੰ ਕੁੱਟ ਵੀ ਸੁੱਟਿਆ।" ਉਹਦੇ ਗੋਡੇ 'ਤੇ ਸਿਰ ਰੱਖਕੇ ਧੀ ਡੁਸਕਣ ਲੱਗ ਪਈ। "ਕੋਈ ਗੱਲ੍ਹ ਨ੍ਹੀਂ ਪੁੱਤ ਇਹ ਤਾਂ ਹੁੰਦਾ ਹੀ ਆਇਐ। ਤੇਰਾ ਪਿਓ ਵੀ ਤਾਂ.........।" ਕਹਿੰਦਿਆਂ ਉਹਨੂੰ ਯਾਦ ਆਇਆ ਉਹਦੀ ਮਾਂ ਨੇ ਵੀ ਉਹਨੂੰ ਇਹੀ ਦਿਲਾਸਾ ਦਿੱਤਾ ਸੀ।

-ਰਮਨਪ੍ਰੀਤ ਕੌਰ

# ਰੂਪ

ਵਿਧਵਾ ਮਾਂ ਨੂੰ ਧੀ ਕਿਹਾ "ਮਾਂ ਤੂੰ ਕਿੰਨੀ ਸੋਹਣੀ ਏਂ। ਸਾਰੇ ਲੋਕੀ ਕਹਿੰਦੇ ਨੇ ਮੈਂ ਵੀ ਤੇਰੇ 'ਤੇ ਗਈ ਹਾਂ।" ਧੀ ਦੀ ਲਾਡ ਨਾਲ ਕਹੀ ਗੱਲ ਮਾਂ ਨੂੰ ਧੁਰ ਅੰਦਰ ਤੱਕ ਉਦਾਸ ਕਰ ਗਈ।

"ਹਾਂ ਧੀਏ ਤੂੰ ਮੇਰੇ 'ਤੇ ਗਈ ਹੈਂ ਪਰ ਤੇਰੇ ਰੂਪ 'ਤੇ ਮੇਰੇ ਜੀਵਨ ਵਿੱਚ ਜ਼ਮੀਨ ਅਸਮਾਨ ਜਿੰਨਾਂ ਫ਼ਰਕ ਰੱਖੋ।" ਛੋਟੀ ਧੀ ਨੂੰ ਗੱਲ ਦੀ ਕੋਈ ਸਮਝ ਨਹੀਂ ਸੀ ਆ ਰਹੀ 'ਤੇ ਉਹ ਬਗੈਰ ਹੀ ਹਿਲਾ ਰਹੀ ਸੀ। ਮਾਂ ਦਾ ਹੱਥ ਧੀ ਦੇ ਸਿਰ 'ਤੇ ਫਿਰ ਰਿਹਾ ਸੀ।

–ਗੁਰਿੰਦਰ ਬਾਦਸ਼ਾਹਪੁਰੀ

# ਪੀੜ੍ਹੀ ਦਰ ਪੀੜ੍ਹੀ

ਉਹ ਕਬਾੜ ਇੱਕਠਾ ਕਰਨ ਦੀ ਫੇਰੀ ਲਾਉਂਦਾ ਸੀ। ਸ਼ਾਮ ਨੂੰ ਕਮਾਏ ਪੈਸੇ ਗਿਣੇ ਤਾਂ ਚਾਲੀ ਰੁਪਏ ਬਣੇ। ਰੋਜ਼ ਵਾਂਗ ਦੇਸੀ ਠੇਕੇ ਸਾਹਮਣੇ ਉਸਦੇ ਪੈਰ ਆਪਣੇ ਆਪ ਰੁਕ ਗਏ। ਉਸਨੇ ਅੱਧੀਆ ਲਿਆ 'ਤੇ ਗਟਾਗਟ ਪੀ ਗਿਆ। ਘਰ ਪਹੁੰਚਿਆ ਤਾਂ ਨਸ਼ੇ ਦੀ ਲੋਰ ਵਿੱਚ ਘਰਵਾਲੀ ਨੂੰ ਕਹਿਮ ਲੱਗਾ, "ਆ ਲਿਆ ਰਟੀ ਬੜੀ ਭੁੱਖ ਲੱਗੀ ਐ।" ਘਰ ਵਾਲੀ ਜੋ ਬੱਚਿਆ ਦੀ ਪਹਿਲਾਂ ਹੀ ਸਤਾਈ ਬੈਠੀ ਸੀ, ਇੱਕਦਮ ਅੱਗ 'ਤੇ ਪੈਟਰੋਲ ਪੈਣ ਵਾਗੂੰ ਭਬਕ ਉੱਠੀ। "ਤੇਰੇ ਜਣਦੇ ਪਹਿਲਾਂ ਹੀ ਰੋਟੀ ਪਏ ਮੰਗਦੇ ਨੇ, ਘਰ ਵਿੱਚ ਤਾਂ ਜ਼ਹਿਰ ਵੀ ਖਾਣ ਨੂੰ ਨਹੀਂ, ਜੀਹਨੂੰ ਖਾ ਕੇ ਮੈਂ ਆਪਣੀ ਜਾਨ ਸੁਖਾਲੀ ਕਰ ਲਵਾਂ। ਕਦੋਂ ਤੱਕ ਵਿਲਕਦੇ ਜੁਆਕਾਂ ਨੂੰ ਦੇਖਦੀ ਰਹਾਂਗੀ। ਬੱਚੇ ਭੁੱਖ ਨਾਲ ਵਿਲਕਦੇ ਪਏ ਨੇ 'ਤੇ ਤੂੰ ਚੌਰਿਆਂ ਸ਼ਰਾਬ ਪੀ ਕੇ ਆ ਵੜਿਐ ਘਰ, ਗਲ ਗੂਠਾ ਦੇ ਕੇ ਜੁਆਕਾਂ ਦੇ।" ਕਹਿੰਦੀ ਉਹ ਰੋਣ ਲੱਗੀ । ਤਾੜ ਕਰਦਾ ਥੱਪੜ ਉਹਦੀ ਗੱਲ 'ਤੇ ਪਿਆ।

" ਕੁਤੀਏ ਕਮਜ਼ਾਤੇ ਜ਼ੁਬਾਨ ਚਲਾਉਣਦੀ ਐ ਮੇਰੇ ਅੱਗੇ ।" ਬੁੜ-ਬੁੜ ਕਰਦਾ ਉਹ ਸੌਂ ਗਿਆ। ਬੱਚੇ , ਸਹਿਮ ਹੋਏ ਭੁੱਖਣ-ਭਾਣੇ ਹਾਉਂਕੇ ਭਰਦੇ ਸੌਂ ਗਏ। ਮੁੰਡਾ ਜਿਸਦੀ ਉਮਰ ਚੌਦਾਂ-ਪੰਦਰਾਂ ਸਾਲ ਦੀ ਸੀ, ਸਕੂਲ ਵਿੱਚ ਪੜ੍ਹਦਾ ਸੀ। ਸਵੇਰ ਹੋਈ ਸਕੂਲ ਜਾਣ ਦੀ ਥਾਂ ਉਹ ਫੇਰੀ ਲਾਉਣ ਜਾ ਰਿਹਾ ਸੀ।

-ਜੀਤ ਖਮਾਣੋਂ ਵਾਲਾ

# ਦਾਨ

ਮੰਜੇ ਉੱਤੇ ਪਏ ਕੱਪੜੇ ਵੱਲ ਦੇਖ ਮੱਖਣ ਨੇ ਸੋਚਿਆ ਲੱਗਦੇ ਇਹ ਕੱਪੜਾ ਤਾਂ ਕਿਸੇ ਨੇ ਦਾਨ ਵਿੱਚ ਦੇ 'ਤਾਂ ਹੋਊ। ਦੋਨੇ ਛੋਟੇ ਬੱਚੇ ਜੋ ਤੇੜੋਂ ਨੰਗੇ ਨੇ, ਉਨ੍ਹਾਂ ਦਾ ਤਾਂ ਤੇੜ ਸਿਰ ਢਕਿਆ ਜਾਊ। ਠੰਡ ਤੋਂ ਬੱਚੇ ਜੋ ਤੇੜੋਂ ਨੰਗੇ ਨੇ,ਉਹਨਾਂ ਦਾ ਤਾਂ ਤੇੜ ਸਿਰ ਢਕਿਆ ਜਾਊ। ਠੰਡ ਤੋਂ ਬੱਚ ਜਾਣਗੇ। ਅੰਦਰੋਂ ਆਉਂਦੀ ਘਰਵਾਲੀ ਨੂੰ ਪੁੱਛਿਆ–"ਕੱਪੜਾ ਕਿਸ ਨੇ ਦਾਨ ਕੀਤਾ ਐ ?" ਤਾਂ ਅੱਗੇ ਘਰਵਾਲੀ ਬੋਲੀ–"ਨਹੀਂ ਜੀ, ਦਾਨ ਕਿਸ ਨੇ ਕਰਨਾ ਸੀ, ਇਹ ਤਾਂ ਮੈਂ ਮੁੱਲ ਲੈ ਕੇ ਈ ਆਂ। ਮੰਦਰ ਵਿੱਚ ਬਹੁਤ ਹੀ ਚੰਗੇ ਸੰਤ ਆਏ ਨੇ, ਉਨ੍ਹਾਂ ਨੂੰ ਦੇਣ ਵਾਸਤੇ। ਮੁੰਡੇ ਹੋਏ ਸੁੱਖਿਆ ਸੀ। ਮੈਨੂੰ ਤਾਂ ਡਰ ਲੱਗਦਾ, ਮੁੰਡੇ ਦੀ ਸਿਹਤ ਕੁਝ ਜ਼ਿਆਦਾ ਹੀ ਖਰਾਬ ਐ।"

ਉਸਦੀ ਘਰਵਾਲੀ ਸੰਤਾ ਨੂੰ ਕੱਪੜਾ ਦੇ ਕੇ ਘਰ ਪਰਤੀ ਤਾਂ ਛੋਟਾ ਮੁੰਡਾ ਠੰਡ ਲੱਗਣ ਨਾਲ ਤੋੜ ਚੁੱਕਾ ਸੀ।

–ਜਸਪਾਲ ਸ਼ਰਮਾ(ਸੰਦੋਹਾ)

# ਮੂੰਹ ਮਲਾਹਜਾ

"ਓ ਯਾਰ। ਤੂੰ ਤਾਂ ਕਹਿੰਦਾ ਸੀ ਕਿ ਇਸ ਵਾਰ ਵੋਟਾਂ ਤੁਹਾਡੀ ਪਾਰਟੀ ਨੂੰ ਹੀ ਪਾਉਣੀਆਂ ਨੇ ਪਰ ਸੁਣਿਐ ਤੂੰ ਰਾਤੀਂ ਦੂਜੀ ਪਾਰਟੀ ਵਾਲਿਆਂ ਨੂੰ ਵੀ ਹਾਂ ਕਰ ਦਿੱਤੀ।"

" ਓ ਯਾਰ ਕੀ ਕਰੀਏ ? ਮੂੰਹ ਮਲਾਹਜਾ ਤਾਂ ਸਭਨਾ ਦਾ ਹੀ ਰੱਖਣਾ ਪੈਂਦਾ ਏ।"

ਉਸ ਨੂੰ ਹੁਣ ਸ਼ੱਕ ਹੋਣ ਲੱਗਾ ਕਿ ਕਿਤੇ ਉਸ ਨਾਲ ਵੀ ਮੂੰਹ ਮਲਾਹਜਾ ਤਾਂ......।

-ਸਤਪਾਲ ਸਾਹਲੋਂ

# ਜੋੜੀ

ਜੀਤੀ ਦੇ ਘਰ ਪਲੇਠੀ ਕੁੜੀ ਹੋ ਗਈ ਸੀ। ਉਸ ਦਿਨ ਤੋਂ ਉਸ ਲਈ 'ਮੁੰਡਾ' ਜੰਮਮਾ ਜਰੂਰੀ ਕਰਾਰ ਦੇ ਦਿੱਤਾ ਗਿਆ। ਸਾਧਾਂ-ਸੰਤਾਂ, ਪੀਰਾਂ-ਫਕੀਰਾਂ, ਧਾਗੇ-ਤਵੀਤਾਂ, ਜਾਦੂ-ਟੂਣਿਆਂ ਦਾ ਸਿਲਸਿਲਾ ਚਲਿਆ ਪਰ ਬੇ ਅਰਥ, ਹਰ ਵਾਰ ਕੁੜੀ 'ਤੇ ਅੰਤ ਸਫ਼ਾਈ। ਦਸ ਵਰਿਆਂ ਬਾਦ ਉਸ ਦਾ ਜੱਗ ਵਿੱਚ ਸੀਂਰ ਪੈ ਗਿਆ। ਜੋੜੀ ਬਣਾਉਣ ਲਈ ਬਹੁਤ ਤਰਲੇ ਕੀਤੇ ਪਰ ਬੇ ਅਰਥ ਕੁੜੀ ਨੂੰ ਬੋਝ ਸਮਝ ਛੇਤੀ ਘਰੋਂ ਉਠਾਉਣ ਦੀ ਸੋਚੀ ਗਈ ਸ਼ਾਇਦ ਮੁੰਡੇ ਨੂੰ ਵੈਲੀ-ਐਬੀ ਬਣਾ ਦਿੱਤਾ। ਸ਼ਰਾਬ ਦੀ ਲਤ ਨੇ ਜਮੀਨ ਨੂੰ ਖੋਰਾ ਲਾ ਦਿੱਤਾ। ਜੀਤੀ ਅਤੇ ਉਸ ਦੇ ਪਤੀ ਨੂੰ ਉਸਨੇ ਘਰੋਂ ਕੱਢ ਦਿੱਤਾ। ਅਚਾਨਕ ਉਹਨਾਂ ਦੀ ਧੀ ਉਹਨਾਂ ਕੋਲ ਆਈ, ਉਹਨਾਂ ਦੀ ਤਰਸ ਯੋਗ ਹਾਲਤ ਦੇਖ ਉਸ ਨੇ ਕਿਹਾ, "ਮੈਂ ਤੁਹਾਡੀ ਸੇਵਾ ਕਰੂੰ , ਤੁਸੀਂ ਬਾਈ ਵਾਗੂੰ ਮੈਨੂੰ ਵੀ ਤਾਂ ਪਾਲਿਆ ਪੋਸਿਐ, ਮੈਂ ਵੀ ਤਾਂ ਤੁਹਾਡਾ ਖ਼ੂਨ ਹਾਂ।" ਇਹ ਸਭ ਸੁਨ ਕੇ ਜੀਤੀ ਸੋਚਣ ਲੱਗਾ ਕਿ ਕਾਸ਼ ਉਸ ਦੁਆਰਾ ਕੀਤੇ ਗਏ ਯਤਨਾ ਸਦਕਾ ਕੁੜੀਆ ਦੀ ਜੋੜੀ ਹੀ ਬਣ ਜਾਂਦੀ।

-ਗੀਤਾ ਰਾਣੀ

# ਟੇਵਾ

ਦਸੰਬਰ ਮਹੀਨੇ ਦਾ ਅਖ਼ੀਰ ਜਿਹਾ ਸੀ। ਪੂਰਾ ਇੱਕ ਹਫ਼ਤਾ ਹੋ ਗਿਆ ਸੀ ਧਰਤੀ ਦੀ ਹਿੱਕ ਨੂੰ ਸੂਰਜ ਦੀ ਤਪਸ਼ ਮਹਿਸੂਸ ਕੀਤਿਆਂ। ਸੂਰਜ ਦੀ ਰੌਸ਼ਨੀ ਦੀ ਧੂੜ ਨੂੰ ਧਰਤੀ ਨਾਲੋਂ ਵੀ ਜ਼ਿਆਦਾ ਮਹਿਸੂਸ ਕਰ ਰਹੇ ਸਨ, ਇਸ ਦੇ ਬਾਸ਼ਿੰਦੇ। ਚਾਰੇ ਪਾਸੇ ਹੱਡਾਂ ਨੂੰ ਚੀਰਵੀਂ ਠੰਡ ਸੀ। ਕੋਰਾ, ਧੁੰਦ ’ਤੇ ਠੰਡੀ ਸ਼ੀਤ ਹਵਾ। ਰਿਕਾਰਡ ਤੋੜ ਠੰਡ ਪਈ ਸੀ ਇਸ ਵਾਰ। ਇੱਥੇ ਇੱਕ ਪਾਸੇ ਲੋਕਾਂ ਦੇ ਸਾਰੇ ਕੱਪੜੇ ਅਤੇ ਢੰਗ ਤਰੀਕੇ ਕੜਾਕੇਦਾਰ ਠੰਡ ਨੂੰ ਰੋਕਣ ਵਿੱਚ ਅਸਮਰਥ ਸਿੱਧ ਹੋ ਰਹੇ ਸਨ, ਉੱਥੇ ਦੂਜੇ ਪਾਸੇ ਵਿੱਚੋਂ ਬਾਹਰੀ ਠੰਡ ਕਾਰਨ ਲੋਕਾਂ ਦੇ ਕੰਮਾਂ-ਕਾਰਾਂ ਦੀ ਚਾਲ ਵੀ ਬੇਹੱਦ ਮੱਧਮ ਪੈ ਗਈ ਸੀ। ਐਸੀ ਹਾਲਤ ਵਿੱਚ ਸਿਰਫ਼ ਇੱਕੋ-ਇੱਕ ਵਸੀਲਾ ਸੀ ਜੋ ਲੋਕਾਂ ਨੂੰ ਇਸ ਠੰਡ ਤੋਂ ਨਿਜ਼ਾਤ ਦਿਵਾ ਸਕਦਾ ਸੀ, ਉਹ ਸੀ ਸੂਰਜ।

ਪਰ ਆਸਮਾਨ ਵਿੱਚ ਚਾਰੇ ਪਾਸੇ ਬੱਦਲ ਹੋਣ ਕਾਰਨ ਸੂਰਜ ਇੱਕ ਹਫ਼ਤੇ ਤੋਂ ਦਿੱਸਿਆ ਨਹੀਂ ਸੀ। ਅਖ਼ੀਰ ਲੋਕ ਕਰਦੇ ਤਾਂ ਕੀ ਕਰਦੇ। ਅਖ਼ੀਰ ਕੋਈ ਹੀਲਾ-ਵਸੀਲਾ ਨਾ ਬਣਦਾ ਵੇਖ ਕੇ ਪਿੰਡ ਦੇ ਲੋਕ ਪਿੰਡੋਂ ਬਾਹਰ ਰਹਿੰਦੇ ਕੁੱਟੀਆ ਵਾਲੇ ਬਾਬੇ ਦੀ ਸ਼ਰਨ ਹੇਠ ਚਲੇ ਗਏ, “ਬਾਬਾ ਜੀ! ਜੇ ਆਹੀ ਹਾਲ ਰਿਹਾ ਮਾਰੇ ਜਾਵਾਂਗੇ ਅਸੀਂ ਤਾਂ। ਟੇਵਾ-ਟੁਵਾ ਲਾ ਕੇ ਵੇਖੋ ਭਲਾ ਕਿ ਸੂਰਜ ਕਦੋਂ ਨਿਕਲੂਗਾ ?”

ਬਾਬਾ ਜਿਵੇਂ ਪਹਿਲਾਂ ਤੋਂ ਹੀ ਤਿਆਰ ਬੈਠਾ ਸੀ, ਬੋਲਿਆ, “ਭਾਈ ਮੈਂ ਅੱਜ ਸਵੇਰੇ ਹੀ ਆਪਣੇ ਵਿਧੀ-ਵਿਧਾਨ ਮੁਤਾਬਿਕ ਟੇਵਾ ਲਾ ਕੇ ਵੇਖਿਆ ਸੀ। ਉਹਦੇ ਮੁਤਾਬਿਕ ਸੂਰਜ ਅਜੇ ਭਾਈ ਪੂਰੇ ਇੱਕੀ ਦਿਨ ਨੀ ਨਿੱਕਲਣਾ। ਇੱਕੀ ਦਿਨ ਬਾਅਦ ਵੀ ਇੱਕ ਦਿਨ ਲਈ............।’

ਬਾਬੇ ਦਾ ਟੇਵਾ ਅਜੇ ਪੂਰਾ ਵੀ ਨਹੀਂ ਸੀ ਹੋਇਆ ਕਿ ਤਦੇ ਅਚਾਨਕ ਹੀ ਧਰਤੀ ਦਾ ਵਿਹੜਾ ਸੂਰਜ ਦੀਆਂ ਕਿਰਨਾਂ ਨਾਲ ਨਹਾ ਉੱਠਿਆ।ਆਸਮਾਨ ਵਿੱਚ ਫਟੇ ਹੋਏ ਬੱਦਲਾਂ ਵਿੱਚੋਂ ਮੱਠਾ-ਮੱਠਾ ਸੂਰਜ ਇੰਝ ਝਾਕ ਰਿਹਾ ਸੀ ਜਿਵੇ ਬਾਬੇ ਦੇ ਟੇਵੇ ਨੂੰ ਮਸ਼ਕਰੀਆਂ ਕਰ ਰਿਹਾ ਹੋਵੇ।

-ਜਸਵੀਰ ਸਿੰਘ ‘ਰਾਣਾ’

# ਮੰਗਤੇ

ਆਜ਼ਾਦੀ ਦੇ ਪੰਜਾਹ ਵਰ੍ਹੇ ਪੂਰੇ ਹੋਏ ਕਰੋੜਾਂ ਰੁਪਏ ਦਾ ਰੰਗ-ਰੋਗਨ ਪੋਸਟਰ ਬਣਾ-ਬਣਾ ਖ਼ਤਮ ਕੀਤਾ ਗਿਆ। ਅਡਲਟ ਸਿੱਖਿਆ ਮੁਹਿੰਮ ਚੱਲ ਰਹੀ ਹੈ, ਕਰੋੜਾਂ ਰੁਪਏ ਦੇ ਪੋਸਟਰ ਦੀਵਾਰਾਂ 'ਤੇ ਬਣਾ ਝੂਠਾ ਪ੍ਰਚਾਰ ਕੀਤਾ ਗਿਆ। ਪੋਸਟਰ ਸਿਰਫ਼ ਉੱਥੇ ਬਣਾਏ ਜਿੱਥੇ ਸਾਰੇ ਪੜ੍ਹਣ ਵਾਲੇ ਹਨ। ਕੋਈ ਪੋਸਟਰ ਕਿਸੇ ਦੂਰ ਦੁਰਾੜੇ ਪਿੰਡ ਵਿੱਚ ਅਨਪੜ੍ਹ ਲੋਕ ਆਬਾਦੀ ਵਿੱਚ ਨਜ਼ਰੀ ਨਹੀਂ ਪਿਆ। ਬਾਕੀ ਜੋ ਹੈ ਹੀ ਅਨਪੜ੍ਹ ਉਸਨੂੰ ਕੀ ਪਤਾ ਇਹ ਪੋਸਟਰ ਕੀ ਹੈ। ਉਸ ਲਈ ਕਾਲਾ ਅੱਖ਼ਰ ਭੈਂਸ ਬਰਾਬਰ । ਪਿੰਡ ਵਿੱਚ ਕੁਝ ਲੋਕ ਇਸ ਵਿਸ਼ੇ 'ਤੇ ਗੱਲਬਾਤ ਕਰ ਰਹੇ ਹਨ। ਅਚਾਨਕ ਇੱਕ ਅਵਾਜ਼ ਆਈ ਢੋਲ-ਡਮਾਕੇ ਵਜੇ ਮੈਂ ਗੇਟ ਤੋਂ ਬਾਹਰ ਨਿਕਲਿਆ ਤਾਂ ਵੇਖਿਆ ਕਿ ਦੋ ਬੱਚੇ ਭੀਖ ਮੰਗਣ ਆਏ ਸਨ। ਉਹਨਾਂ ਦੋਨਾਂ ਦੇ ਮੋਢਿਆਂ 'ਤੇ ਲੰਮੇ-ਲੰਮੇ ਥੈਲੇ ਲੱਦੇ ਸਨ। ਇੱਕ ਹੱਥ ਵਿੱਚ ਰੋਟੀ ਦਾ ਟੁਕ ਫੜੀ ਗਲੀ-ਗਲੀ ਮੰਗਦੇ ਉਹ ਇਸ ਤਰ੍ਹਾਂ ਲੱਗ ਰਹੇ ਸਨ ਜਿਸ ਤਰ੍ਹਾਂ ਕਈ ਪੋਲਟਰ ਹੋਵੇ ਆਜ਼ਾਦੀ ਦੇ ਪੰਜਾਹ ਵਰ੍ਹੇ ਸਮਰਪਿਤ ਮਾਸੂਮ ਮੰਗਤੇ.........।

-ਰਕੇਸ਼ ਸੈਣੀ

# ਸੇਵਾ

"ਆਪਦਾ ਕੌਲੀ ਗਿਲਾਸ ਵੀ ਮਾਂਜ ਨਹੀਂ ਸਕਦੀ ਬੁੱਢੜੀ।" ਉਹ ਸੱਸ ਦੇ ਜੂਠੇ ਬਰਤਨਾ ਵਿੱਚ ਭੋਜਨ ਪਾਉਂਦੀ ਬੁੜਬੁੜਾ ਰਹੀ ਸੀ।

"ਲੈ ਫੜ ਮੈਂ ਸਤਿਸੰਗ ਕਰਨ ਜਾਣਾ , ਪਤਾ ਨਹੀਂ ਕੀ ਕਾਲੇ ਕਾਂ ਖਾ ਕੇ ਜੰਮੀ ਆ ਮੈਂ ਤਾਂ ਅੱਕੀ ਪਈਆਂ ਇਹਦੀ ਸੇਵਾ ਕਰ-ਕਰ ਕੇ।" ਉਹ ਬੁੱਢੀ ਨੂੰ ਭੋਜਨ ਦਿੰਦੀ ਬੋਲੀ।

ਸਤਿਸੰਗ ਵਿੱਚ ਸੰਗਤ ਗੀਆਂ ਰੋਟੀਆਂ ਪਕਾ ਕੇ ਉਹ ਸਿਰ ਦੀ ਚੁੰਨੀ ਠੀਕ ਕਰਦੀ ਹੋਈ ਨਾਲ ਦੀਆਂ ਬੀਬੀਆਂ ਨੂੰ ਕਹਿਣ ਲੱਗੀ ,"ਨੀ ਭੈਣੋਂ ! ਆਹ ਭਾਂਡਿਆਂ ਦਾ ਢੇਰ ਪਿਆ, ਆ ਜਾਓ ਇਹ ਸੇਵਾ ਦਾ ਲਾਹਾ ਵੀ ਲੈ ਲਈਏ।"

-ਜਤਿੰਦਰ ਸਿੰਘ ਹੰਸ

# ਨੇਤਾ

ਰਾਮ ਸਿੰਘ ਦਾ ਲੰਗੋਟੀਆ ਯਾਰ ਸੋਹਣ ਸਿੰਘ ਜੋ ਫ਼ੌਜ ਵਿੱਚ ਸੀ ਬੜੇ ਚਿਰਾਂ ਬਾਅਦ ਉਸ ਨੂੰ ਮਿਲਣ ਆਇਆ ਸੀ। ਦੋਨੋਂ ਬੈਠਕ ਵਿੱਚ ਗੱਲੀਬਾਤੀਂ ਲੱਗੇ ਹੋਏ ਸਨ ਕਿ ਰਾਮ ਸਿੰਘ ਦੇ ਪੁੱਤਰ ਸੁੰਦਰ ਨੇ ਚਾਹ ਦੀ ਟਰੇਅ ਫੜ੍ਹੀ ਬੈਠਕ ਵਿੱਚ ਪ੍ਰਵੇਸ਼ ਕੀਤਾ। ਸੁੰਦਰ ਨੇ ਸੋਹਣ ਨੂੰ ਸਤਿ ਸ੍ਰੀ ਅਕਾਲ ਬੁਲਾਈ 'ਤੇ ਮੇਜ਼ 'ਤੇ ਚਾਹ ਦੀ ਟਰੇਆ ਰੱਖ ਦਿੱਤੀ। ਸੋਹਣ ਸਿੰਘ ਨੇ ਉਸ ਦੀ ਬਾਂਹ ਫੜ੍ਹ ਕੇ ਆਪਣੇ ਵੱਲ ਖਿਚਿਆ 'ਤੇ ਗੱਲਵਕੜੀ ਵਿੱਚ ਲੈਂਦੇ ਹੋਏ ਹੱਸਦਿਆ ਬੋਲਿਆ, "ਭਤੀਜਿਆ ਕਿੰਨੀ 'ਚ ਪੜ੍ਹਦਾ ?"

"ਜੀ....ਅੱਠਵੀਂ..ਚ।" ਸੁੰਦਰ ਇੱਕ ਦਮ ਬੋਲਿਆ।

"ਸ਼ਾਬਾਸ਼।" 'ਤੇ ਸੋਹਮ ਸਿੰਘ ਰਾਮ ਸਿੰਘ ਵੱਲ ਮੁਖ਼ਾਤਬ ਹੁੰਦੇ ਬੋਲਿਆ,

"ਰਾਮ ਸਿੰਹੁੰ ਇਸ ਨੂੰ ਚੰਗਾ ਪੜ੍ਹਾ ਲਿਖਾ ਤਾਂ ਜੋ ਵੱਡਾ ਅਫ਼ਸਰ ਬਣੇ।" ਸੁੰਦਰ ਸੋਹਣ ਸਿੰਘ ਦੀ ਗਲਵਕੜੀ ਵਿੱਚੋਂ ਨਿਕਲਦਾ ਹੋਇਆ ਬੋਲਿਆ, "ਮੈਂ ਨਹੀਂ ਬਹੁਤਾ ਪੜ੍ਹਨਾ-ਪੜ੍ਹਨਾ.,.....।"

ਕਿਉਂ ਪੁੱਤ,ਫਿਰ ਤੂੰ ਅਫਸਰ ਕਿਵੇਂ ਬਣੇਗਾ... ?"

"ਮੈਂ- ਮੈਂ ਤਾਂ ਨੇਤਾ ਬਣੂੰ ।" ਸੁੰਦਰ ਉੱਚੀ ਸਾਰੀ ਬੋਲਿਆ।

"ਨੇਤਾ....।" ਸੋਹਣ ਸਿੰਘ ਦੇ ਨਾਲ-ਨਾਲ ਰਾਮ ਸਿੰਘ ਵੀ ਹੈਰਾਨੀ ਨਾਲ ਸੁੰਦਰ ਵੱਲ ਤੱਕ ਰਿਹਾ ਸੀ।

"ਮੈਂ-ਮੈਂ ਤੰ ਨੇਤਾ ਬਣਨਾ , ਨੇਤਾ ਦਾ ਬੜਾ ਰੋਹਬ ਹੁੰਦਾ।"

ਪਲ ਕੁ ਭਰ ਰੁਕ ਕੇ ਸੁੰਦਰ ਆਪਣੇ ਪਿਤਾ ਵੱਲ ਵੇਖਦਿਆਂ ਬੋਲਿਆ।

ਬਾਪੂ, ਉਸ ਦਿਨ ਵੇਖਿਆ ਨਹੀਂ, ਘੋਲੀ ਹੁਰਾਂ ਦੇ ਨੇਤਾ ਪਿਓ ਨੇ ਕਿੰਨੇ ਸਾਰੇ ਪੁਲਸੀਆਂ ਨਾਲ ਆ ਕੇ ਸਾਡੇ ਅਫ਼ਸਰ ਸਾਡਾ ਸਰਪੰਚ, ਹੈਡਮਾਸਟਰ 'ਤੇ ਮਾਸਟਰ ਕਿਵੇਂ ਉਸ ਦੇ ਪਿੱਛੇ-ਪਿੱਛੇ ਜੀ-ਜੀ ਕਰਦੇ ਘੁੰਮ ਰਹੇ ਸਨ, ਉਹ ਕਿਹੜਾ ਬਹੁਤਾ ਪੜ੍ਹਿਆ, ਕਹਿੰਦੇ ਪੰਜ ਵੀ ਪਾਸ ਨਹੀਂ....।"

ਦੋਨੋਂ ਆਵਾਕ ਹੋਏ ਸੁੰਦਰ ਵੱਲ ਤੱਕ ਰਹੇ ਸਨ।

-ਹਰਪ੍ਰੀਤ ਸਿੰਘ ਰਾਣਾ

# ਕਸਾਈ

ਜਿਉਂ ਹੀ ਕਰੀਮੂ ਹਲਾਲ ਕਰਨ ਲੱਗਾ ਤਾਂ ਉਸ ਨੇ ਉੱਚੀ ਆਵਾਜ਼ ਪੁੱਛਿਆ, "ਉਏ ਅਬਦੂਲੇ ਐਨੂੰ ਪਾਣੀ-ਪਾਣੀ ਵੀ ਡਾਹਿਆ ਕੇ ਨਹੀਂ?"

"ਡਾਹਤਾ ਸੀਗਾ,ਅੱਬੂ।"

ਏਨੇ ਨੂੰ ਕਰੀਮੂ ਦੇ ਘਰਵਾਲੀ ਸਿਰ ਦੇ ਲੀੜ ਨਾਲੋ ਕਿਨਾਰੀ ਤੋਂ ਗੰਢ ਪੋਲਦੀ ਘਰੇ ਵੜ੍ਹਦੀ ਬੋਲੀ, "ਮੈਂ ਕਿਹਾ ਜੀ, ਐ ਪੰਜਾਹ, ਪੰਜਾਹ ਰੁਪਏ ਦੇ ਦੋ ਨੋਟ ਦਿੱਤੇ ਐ, ਆਪਣੇ ਲਾਕੇ ਦੇ ਚੌਧਰੀ ਨੇ ਨਾਲੇ ਕਹਿੰਦਾ ਸੀਗਾ ਐਤਕੀਂ ਵੀ ਵੋਟਾਂ ਮੈਨੂੰ ਪੂਣੀ ਹੀ ਪਾਇਓ।"

ਹੁਣ ਕਰੀਮੂ ਨੂੰ ਪਤਨੀ ਹੱਥ ਫੜੇ ਨੋਟ ਇਲਾਕੇ ਦੇ ਨੇਤਾ ਵਲੋਂ ਭੇਜਿਆ ਪਾਣੀ ਪੂਣੀ ਲੱਗਾ। ਉਸ ਦੇ ਹੱਥ ਫੜਿਆ ਟਕੂਆ ਕੰਬਣ ਲੱਗਾ।

-ਗੁਰਮੇਲ ਸਿੰਘ ਵਿਰਕ

# ਸੋਨੇ ਦੀ ਮੁਰਗ਼ੀ

"ਬੱਢੜੇ ਨੂੰ ਕਿਤੇ ਸੁੱਟ ਆ.....ਦਿਨ ਰਾਤ ਖੰਘਦਾ ਰਹਿੰਦਾ.......ਨਾ ਸੌਣ ਦਿੰਦਾ ਏ ਤੇ ਨਾ. ਆਰਾਮ ਨਾਲ ਬੈਠਣ.....ਕਿਥੋਂ ਬਲਗਮ ਦਾ ਘਰ ਪੱਲੇ ਪੈ ਗਿਆ।" ਪਤਨੀ ਨੇ ਪਤੀ ਨੂੰ ਆਪਣੇ ਸੁਹਰੇ ਬਾਰੇ ਬੜੇ-ਗੁੱਸੇ 'ਚ ਆਖਿਆ।

ਮੈਂ ਵੀ ਸੋਚਦਾ ਹਾਂ ਕਿ ਇੰਡੀਆ ਭੇਜ ਦੇਵਾਂ.....ਖਰਚਾ ਤਾਂ ਘਟੇਗਾ।" ਪਤੀ ਨੇ ਵੀ ਪਤਨੀ ਦੀ ਹਾਂ ਚ ਹਾਂ ਮਿਲਾਉਂਦਿਆਂ ਕਿਹਾ।

ਦੂਸਰੇ ਦਿਨ ਹੀ ਪਤੀ ਟਿਕਟ ਲੈ ਕੇ ਆਪਣੇ ਪਿਉ ਨੂੰ ਏਅਰਪੋਰਟ ਜਹਾਜ਼ ਚੜ੍ਹਨ ਲਈ ਛੱਡ ਆਇਆ। ਅਜੇ ਉਹ ਘਰ ਵੜਿਆ ਹੀ ਸੀ ਕਿ ਪਤਨੀ ਨੇ ਚਹਿਕ ਕੇ ਆਖਿਆ, "ਬਾਪੂ ਜੀ ਤਾਂ ਸੋਨੇ ਦੀ ਮੁਰਗ਼ੀ ਬਣ ਗਏ ਹਨ ਉਨ੍ਹਾਂ ਨੂੰ ਪੈਨਸ਼ਨ ਲੱਗ ਗਈ ਹੈ ਹੁਣ ਗਰੈਸਰੀ 'ਤੇ ਕਿਰਾਇਆ ਨਿਕਲ ਤਾਂ ਆਇਆ ਕਰੇਗਾ। ਜਲਦੀ ਜਾਓ 'ਤੇ ਬਾਪੂ ਜੀ ਨੂੰ ਵਾਪਸ ਲੈ ਕੇ ਆਉ, ਕਿਤੇ ਸੋਨੇ ਦੀ ਮੁਰਗ਼ੀ ਹੱਥੋਂ ਨਾ ਨਿਕਲ ਜਾਵੇ" ਤੇ ਪੁੱਤ ਫਟਾ-ਫੱਟ ਕਾਰ ਸਟਾਰਟ ਕਰਕੇ ਏਅਰਪੋਰਟ ਵੱਲ ਭੱਜ ਪਿਆ।

-ਹਰਜਿੰਦਰ ਸਿੰਘ "ਸੰਘਾ"

## ਖਿੜ੍ਹਨ ਤੋਂ ਪਹਿਲਾਂ

ਲੋਕਾਂ ਦੇ ਘਰ ਉੱਗੇ ਦੀ ਖੁਸ਼ਬੋ ਨੇ ਉਸ ਨੂੰ ਵੀ ਆਪਣੇ ਗੁਲਸ਼ਨ ਵਿੱਚ ਫੁੱਲ ਦਾ ਬੀਜ਼ ਲਾਉਣ ਲਈ ਉਤਸ਼ਾਹਿਤ ਕੀਤਾ। ਇਸ ਲਈ ਉਸਦੇ ਘਰ ਉੱਗਣ ਵਾਲੀ ਕਲੀ ਖਿੜ੍ਹਨ ਤੋਂ ਪਹਿਲਾਂ ਮੁਰਝਾ ਗਈ। ਪਰ ਉਸਦੀ ਕਿਆਰੀ ਵਿੱਚ ਫੁੱਲ ਕਦੇ ਵੀ ਨਾ ਖਿੜਿਆ। ਕਲੀ ਦੇ ਪੁੱਟਣ ਨਾਲ ਕਿਆਰੀ ਦਾ ਵਾਤਾਵਰਣ ਦੂਸ਼ਿਤ ਹੋ ਗਿਆ ਸੀ।

-ਹਰਜਿੰਦਰ 'ਕਮਾਮ'

## ਮੌਤ

ਦੋ ਕੁੱਤੇ ਸੜਕ ਦੇ ਕਿਨਾਰੇ ਤੁਰੇ ਜਾ ਰਹੇ ਸਨ। ਰਸਤੇ ਵਿੱਚ ਉਹਨਾਂ ਨੂੰ ਇੱਕ ਹੋਰ ਕੁੱਤੇ ਦੀ ਲਾਸ਼ ਦਿਖਾਈ ਦਿੱਤੀ। ਉਹ ਮਰਿਆ ਕੁੱਤਾ ਲਹੂ ਨਾਲ ਲੱਥ-ਪੱਥ ਸੀ ਅਤੇ ਉਸਦੇ ਮੁਰਦਾ ਸਰੀਰ ਕੋਲੋਂ ਬਹੁਤ ਬੋ ਆ ਰਹੀ ਸੀ। ਇੰਝ ਲਗਦਾ ਸੀ ਜਿਵੇਂ ਉਸਨੂੰ ਮਰਿਆਂ ਦੋ-ਤਿੰਨ ਦਿਨ ਹੋਣ ਅਤੇ ਉਸਦੀ ਲਾਸ਼ ਨੂੰ ਕਿਸੇ ਨੇ ਵੀ ਨਾ ਉਠਾਇਆ ਹੋਵੇ। ਹੁਣ ਉਹ ਦੋਵੇਂ ਕੁੱਤੇ ਇਹੀ ਗੱਲਾਂ ਕਰਦੇ ਅੱਗੇ ਨਿਕਲ ਗਏ ਕਿ ਹਿ ਬੇਚਾਰਾ ਵੀ ਆਦਮੀ ਦੀ ਮੌਤੇ  ਮਾਰਿਆ ਗਿਆ।

-ਇੰਦਰਜੀਤ ਵਿਰਦੀ

## ਲੁਟੇਰੇ

"ਓ ਯਾਰ ਵਿੱਕੀ ! ਸਾਧਾਂ ਦਾ ਮੁੰਡਾ ਕਹਿੰਦਾ ਕਿਸੇ ਹੋਰ ਨੂੰ ਰਿਹਾ 'ਤੇ ਵਿਆਹ ਕਿਸੇ ਹੋਰ ਕਰਵਾ ਲਿਆ, " " ਵਿਆਹ ਕਾਹਦਾ ਭਾਜੀ ਸੌਦਾ ਹੋਇਆ ਸੌਦਾ ਨਾਲੇ ਸਾਧ ਕਾਹਦੇ ਇਹ ਤਾਂ ਲੁਟੇਰੇ ਆ....ਲੁਟੇਰੇ ।" ਸਾਧਾਂ ਦੀ ਹੁਣੇ ਵਿਆਹੀ ਕੁੜੀ ਦੀ ਫੋਟੋ ਮੈਨੂੰ ਵਿਖਾਉਂਦੇ ਵਿੱਕੀ ਨੇ ਅਫ਼ਸੋਸੇ ਜਿਹੇ ਸ਼ਬਦਾਂ 'ਚ ਆਖਿਆ।

-ਸਤਿੰਦਰਪਾਲ ਸਿੰਘ

## ਫੱਲ

"ਸਾਨੂੰ ਆਪਣੇ ਕੀਤੇ ਗੁਨਾਹਾਂ ਦੀ ਅੱਲ੍ਹਾ ਤੋਂ ਮਾਫ਼ੀ ਮੰਗਣੀ ਚਾਹੀਦੀ ਹੈ, ਸਵੇਰੇ ਸ਼ਾਮ ਉਸ ਦੀ ਇਬਾਦਤ ਕਰਨੀ ਚਾਹੀਦੀ ਹੈ, ਸਾਨੂੰ ਇਸ ਦਾ ਫੁੱਲ ਕਦੇ ਨਾ ਕਦੇ ਜ਼ਰੂਰ ਮਿਲੇਗਾ.....।" ਮੌਲਵੀ ਦੇ ਸ਼ਬਦ ਨਜੂਮੀਦੀਨ ਦੇ ਕੰਨੀ ਪਏ। ਉਸ ਨੇ ਵੀ ਲਵੇਰ ਇਬਾਦਤ ਕਰਨ ਦਾ ਫ਼ੈਸਲਾ ਕਰ ਲਿਆ 'ਤੇ ਅਗਲੇ ਦਿਨ ਉਸ ਨੂੰ ਦਿਹਾੜੀ ਦੋਂ ਜਵਾਬ ਮਿਲ ਗਿਆ। ਉਹ ਸ਼ਾਮ ਨੂੰ ਅੱਧ ਭੁੱਖਾ ਪਿਆ ਮੌਲਵੀ ਨੂੰ ਕੋਸ ਰਿਹਾ ਸੀ ਕਿਉਂ ਕਿ ਇਬਾਦਤ ਕਰਨ ਵਿੱਚ ਲੱਗਿਆ ਘੰਟਾ ਉਲ ਦੀ ਛੁੱਟੀ ਦਾ ਕਾਰਨ ਬਣਿਆ ਸੀ।

-ਪਰਦੀਪ ਕੁਮਾਰ ਮਹਿਤਾ

# ਦਾਜ ਦੀ ਬਲੀ

ਸੂਰਜ ਚੜ੍ਹਦੇ ਹੀ ਪਿੰਡ ਵਿਚ ਹਾਹਾਕਾਰ ਮਚ ਗਈ......। ਸਾਰਾ ਪਿੰਡ ਪੁਰਾਣੇ ਖ਼ੂਹ ਵੱਲ ਦੌੜਾ ਜਾ ਰਿਹਾ ਸੀ। ਮੈਂ ਵੀ ਸਾਰਿਆਂ ਦੇ ਪਿੱਛੇ ਹੋ ਟੁਰਿਆ। ਖ਼ੂਹ 'ਤੇ ਪਹੁੰਚ ਕੇ ਦੇਖਿਆ ਖ਼ੂਹ 'ਚ ਇੱਕ ਲਾਸ਼ ਤੈਰ ਰਹੀ ਸੀ.....।

ਆਲੇ-ਦੁਆਲੇ ਖੜੇ ਲੋਕ ਘੁਸੜ-ਮੁਸੜ ਕਰ ਰਹੇ ਸਨ- ਕੋਈ ਕਹਿ ਰਿਹਾ ਸੀ "ਚਲੋ ਵਿਚਾਰੀ ਨਰਕ ਤੋਂ ਮੁਕਤੀ ਪਾ ਗਈ"। "ਮੁਕਤੀ ਪਾ ਗਈ ਜਾਂ ਦਾਜ ਦੀ ਬਲੀ ਚੜ ਗਈ ?" ਦੂਜੇ ਨੇ ਪਹਿਲੇ ਦੀ ਗੱਲ ਨੂੰ ਵਿੱਚੋਂ ਟੋਕਦੇ ਹੋਏ ਕਿਹਾ।

ਜਿੰਨੇ ਮੂੰਹ ਉਨੀਆਂ ਗੱਲਾਂ, ਰੱਬ ਜਾਣੇ ਕਿਸ ਤਰ੍ਹਾਂ ਉਸਦੀ ਮੌਤ ਹੋਈ....ਪਰ ਦੂਜੇ ਦਿਨ 'ਇੱਕ ਹੋਰ ਧੀ ਚੜੀ ੀ ਦਾਜ ਦੀ ਬਲੀ' ਸੁਰਖ਼ੀ ਥੁੱਲੇ ਉਹਨਾਂ ਦੇ ਨੌਕਰ ਦਾ ਬਿਆਨ ਸੀ, "ਰਾਤੀਂ ਬੜੇ ਬੇਜੀ ਔਰ ਬਾਬੂ ਨੇ ਬੀਬੀ ਜੀ ਕੋ ਹਮੇਸ਼ਾ ਕੀ ਤਰ੍ਹਾਂ ਯਹ ਕਹਿਤੇ ਹੋਏ ਪੀਟਨਾ ਸ਼ੁਰੂ ਕਰ ਦੀਆ ਕਿ ਆਪਨੇ ਭਿਖ਼ਰੀ ਬਾਪ ਸੇ ਪਚਾਸ ਹਜ਼ਾਰ ਰੁਪੈ ਲਾਓ ਵਰਨਾ ਘਰ ਸੇ ਨਿਕਲ ਜਾਓ....। ਛੋਟੀ ਬੀਬੀ ਜੀ ਨੇ ਉਨਕੇ ਆਗੇ ਹਾਥ ਜੋੜੇ ਮਗਰ...। ਆਖ਼ਰ ਬੀਬੀ ਜੀ ਨੇ ਬੜੀ ਬੀਜੀ ਸੇ ਬੋਲ ਦਿਆ, "ਮਾਤਾ ਜੀ ਤੁਸੀਂ ਆਪਣੀ ਧੀ ਨੂੰ ਕੀ ਦਿੱਤਾ ਜੇ ਉਹ ਵੀ.....। ਇਤਨੀ ਬਾਤ ਥੀ ਬੀਬੀ ਜੀ ਕਾ ਗਲਾ ਉਹਨੋ ਨੇ ਦੁਪੱਟੇ ਸੇ ਬਾਂਧ ਦੀਆ ਔਰ ਜਬ....। ਉਸੇ ਘਰ ਸੇ ਲੇ ਗਏ...। ਆ ਕਰ ਮੁਜੇ ਬੋਲੇ ਤੁਮੇ ਕੋਈ ਬੀਬੀ ਬਾਰੇ ਪੁਛੇ ਤੋਂ ਕਹਿਣਾ ਵੋ ਕਲ੍ਹ ਸੇ ਘਰ ਨਹੀਂ ਆਈ ਨਾ ਜਾਨੇ ਕਹਾਂ ਗਈ....। ਹਮ ਤੁਮੇ ਬਹੁਤ ਪੈਸਾ ਦੇਂਗੇ ਅਗਰ ਤੁਮ ਐਸਾ ਕਰੋਗੇ......।

-ਸੰਦੀਪ ਸ਼ਰਮਾ (ਹੁਸ਼ਿਆਰਪੁਰ)

# ਕਿਰਨਾਂ

## ਮਿੰਨੀ ਕਹਾਣੀ ਸੰਗ੍ਰਹਿ

ਮਿੰਨੀ ਕਹਾਣੀ ਸੰਗ੍ਰਹਿ